# ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ

## ਭਾਗ-2

ਵਾਹੁ ਵਾਹੁ ਬਾਣੀ ਨਿਰੰਕਾਰ ਹੈ
ਤਿਸੁ ਜੇਵਡੁ ਅਵਰੁ ਨ ਕੋਇ

ੴ




ਪ੍ਰਕਾਸ਼ਕ

ਗੁਰਦੁਆਰਾ ਹਰਿਚਰਣ ਕਮਲ ਸਾਹਿਬ, ਫੇਸ ੧੦ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ
ਅਤੇ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸੇਵਾ ਸੁਸਾਇਟੀ, ਬਰੈਂਪਟਨ, ਕੈਨੇਡਾ


Join us at Facebook at: http://Fb.me/ghks10 & http://Fb.me/sghkss

## ਸਮਰਪਿਤ

ਦਸਾਂ ਪਾਤਸ਼ਾਹੀਆਂ ਦੀ ਜਾਗਤ ਜੋਤ

# ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ

ਜੋ ਸਮੁੱਚੀ ਮਨੁੱਖਤਾ ਨੂੰ

ਜੀਵਨ ਜਾਂਚ ਦਾ ਉਪਦੇਸ਼

ਦੇ ਰਹੇ ਹਨ ।

ਪਹਿਲੀ ਖੇਪ : ਸਤੰਬਰ, 2019

ਮੁੱਲ : 22/- ਰੁਪਏ ਪ੍ਰਤੀ ਕਾਪੀ

ਕਾਪੀਆਂ : 2000

ਗੁਰਦੁਆਰਾ ਹਰਿਚਰਣ ਕਮਲ ਸਾਹਿਬ

ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸੇਵਾ ਸੁਸਾਇਟੀ

ਫੋਨ : 0172–2214969

# ਤਤਕਰਾ


| | | |
|---|---|---|
| 1. | ਭੂਮਿਕਾ | i-ii |
| 2. | ਮੁੱਖ ਬੰਦ | iii-iv |
| 3. | ਗੁਰੂ ਨਾਨਕ ਪਾਤਸ਼ਾਹ | |
| | (ੳ) ਜਨਮ ਤੋਂ ਸੁਲਤਾਨਪੁਰ ਲੋਧੀ | 1-7 |
| | (ਅ) ਪਹਿਲਾ ਪ੍ਰਚਾਰ ਦੌਰਾ | 8-20 |
| | (ੲ) ਦੂਜਾ ਪ੍ਰਚਾਰ ਦੌਰਾ | 21-23 |
| | (ਸ) ਤੀਜਾ ਪ੍ਰਚਾਰ ਦੌਰਾ | 24-29 |
| | (ਹ) ਕਰਤਾਰ ਪੁਰ (ਸੰਨ 1521 ਤੋਂ ਸੰਨ 1539) | 30-37 |
| 4. | ਜਪੁਜੀ ਸਾਹਿਬ | 38-48 |
| 5. | ਰਹਿਰਾਸ ਸਾਹਿਬ | 49-52 |
| 6. | ਸੋਹਿਲਾ ਸਾਹਿਬ | 53-55 |
| 7. | ਆਸਾ ਕੀ ਵਾਰ | 56-73 |
| 8. | ਸਿੱਧ ਗੋਸਿਟ | 74-90 |
| 9. | ਖਾਲਸਾਈ ਬੋਲੇ | 91-98 |

# ਭੂਮਿਕਾ

ਅੱਜ ਜਿੱਥੇ ਪਦਾਰਥਵਾਦ ਦੀ ਦੌੜ ਚੱਲ ਰਹੀ ਹੈ ਉੱਥੇ ਮਾਂ-ਬਾਪ ਚੱਲ ਰਹੇ ਨਸ਼ਿਆਂ ਦੇ ਦੌਰ ਅਤੇ ਬਜ਼ੁਰਗਾਂ ਪ੍ਰਤੀ ਘੱਟ ਰਹੇ ਸਤਿਕਾਰ ਤੋਂ ਵੀ ਚਿੰਤਤ ਹਨ। ਸੋ ਅੱਜ ਹਰੇਕ ਜਾਗਰੂਕ ਮਾਂ-ਬਾਪ ਅਪਣੇ ਬੱਚਿਆਂ ਨੂੰ ਇਸ ਬੱਲਦੇ ਭਾਂਬੜਾਂ ਤੋਂ ਬਚਾਉਣਾ ਚਾਹੁੰਦਾ ਹੈ। ਇਸੇ ਲਈ ਪੱਛਮੀ ਦੇਸ਼ਾਂ ਦੇ ਮਾਂ-ਬਾਪ ਅਪਣੇ ਬੱਚਿਆਂ ਨੂੰ ਗੁਰਮਤਿ ਦੀਆਂ ਕਲਾਸਾਂ ਵਿੱਚ ਲੈ ਕੇ ਜਾ ਰਹੇ ਹਨ। ਇਸੇ ਸੋਚ ਅਧੀਨ ਹੀ ਦਾਸ ਨੇ ਵੀ ਅਪਣੇ ਬੱਚਿਆਂ ਨੂੰ ਗੁਰੂ ਦੀ ਮੱਤ ਨਾਲ ਜੋੜਨ ਹਿੱਤ ਮਹੱਲੇ ਦੇ ਬੱਚੇ ਇਕੱਤਰ ਕਰਕੇ ਉਨ੍ਹਾਂ ਦੀ ਸੰਗਤ ਤਿਆਰ ਕਰਕੇ ਘਰ ਤੋਂ ਹੀ ਛੋਟੀ ਜਿਹੀ ਕਲਾਸ ਚਾਲੂ ਕੀਤੀ ਜਿਸ ਵਿੱਚ ਮੇਰੀ ਸਿੰਘਣੀ ਬੇਅੰਤ ਕੌਰ ਨੇ ਵੀ ਬੇਅੰਤ ਯੋਗਦਾਨ ਪਾਇਆ। ਫਿਰ ਗੁਰੂ ਸਾਹਿਬ ਨੇ ਕ੍ਰਿਪਾ ਕੀਤੀ ਤੇ 1999 ਈ: ਨੂੰ ਜਗ੍ਹਾ ਦੀ ਬਖਸ਼ਿਸ਼ ਕਰਦੇ ਹੋਏ ਗੁਰਦੁਆਰਾ ਹਰਿਚਰਣ ਕਮਲ ਸਾਹਿਬ ਫੇਸ-10, ਐਸ.ਏ.ਐਸ. ਨਗਰ ਸਥਾਪਿਤ ਕਰ ਦਿਤਾ ਤੇ ਇਹੀ ਕਲਾਸਾਂ ਉੱਥੇ ਸ਼ੁਰੂ ਹੋ ਗਈਆਂ। ਗੁਰੂ ਸਾਹਿਬ ਹੋਰ ਮਿਹਰਵਾਨ ਹੋਏ ਤੇ ਸੰਗਤ ਦੇ ਉਤਸ਼ਾਹ ਨਾਲ ਸਲਾਨਾ ਬਾਲ ਉਤਸ਼ਾਹਿਤ ਗੁਰਮਤਿ ਸਮਾਗਮ ਸ਼ੁਰੂ ਕਰਵਾ ਦਿੱਤੇ ਜੋ ਅਜ ਤੱਕ ਵੀ ਚੱਲ ਰਹੇ ਹਨ। ਫਿਰ ਸੰਗਤ ਦੀ ਮੰਗ ਅਤੇ ਸਹਿਯੋਗ ਨਾਲ ਗੁਰੂ ਸਾਹਿਬ ਨੇ ਤ੍ਰੈ- ਸ਼ਤਾਬਦੀ ਨੂੰ ਸਮਰਪਤ 2004 ਈ: ਵਿੱਚ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ" ਕਿਤਾਬਚਾ ਪ੍ਰਸ਼ਨ/ ਉੱਤਰ ਦੇ ਰੂਪ ਵਿੱਚ ਤਿਆਰ ਕਰਵਾਇਆ ਜਿਸ ਦੀ ਸੰਗਤ ਵਲੋਂ ਕਾਫੀ ਸ਼ਲਾਘਾ ਕੀਤੀ ਗਈ। ਇਹ ਕਿਤਾਬਚਾ ਪ੍ਰਸ਼ਨੋਤਰੀ ਮੁਕਾਬਲੇ ਲਈ ਕਾਫੀ ਕਾਰਗਰ ਸਿੱਧ ਹੋਇਆ।

ਫਿਰ ਸਤੰਬਰ 2008 ਈ: ਵਿੱਚ ਸਾਡੇ ਪਰਵਾਰ ਨੂੰ ਦਾਨਾ-ਪਾਣੀ ਖਿੱਚ ਕੇ ਕੈਨੇਡਾ ਦੀ ਧਰਤੀ ਤੇ ਲੈ ਆਇਆ । ਇੱਥੇ ਆ ਕੇ ਪ੍ਰਮਾਤਮਾ ਨੇ ਮਿਹਰ ਕੀਤੀ ਤੇ ਸੰਗਤ ਨੇ ਕੰਨੋ ਫੜ ਕੇ ਅਕਤੂਬਰ 2008 ਤੋਂ ਫਿਰ ਇਹ ਸੇਵਾ ਲੈਣੀ ਸ਼ੁਰੂ ਕਰ ਦਿੱਤੀ । ਸੋ ਇਸ ਤਰ੍ਹਾਂ ਗੁਰਦੁਆਰਾ ਹਰਿ ਚਰਣ ਕਮਲ ਸਾਹਿਬ ਦੀ ਇੱਕ ਸ਼ਾਖ ਗੁਰੂ ਹਰਿ ਕ੍ਰਿਸ਼ਨ ਸੇਵਾ ਸੁਸਾਇਟੀ ਦੇ ਨਾਮ ਹੇਠ ਬਰੈਂਪਟਨ, ਕੈਨੇਡਾ ਵਿੱਚ ਸ਼ੁਰੂ ਹੋ ਗਈ।

ਹੁਣ ਫਿਰ ਕਾਫੀ ਸਮੇਂ ਤੋਂ ਸੰਗਤ ਵੱਲੋਂ ਹੁਕਮ ਹੋ ਰਿਹਾ ਸੀ ਕਿ ਬਚਿਆਂ ਦੀ ਇਤਿਹਾਸ ਪ੍ਰਤੀ ਹੋਰ ਜਾਣਕਾਰੀ ਵਧਾਉਣ ਲਈ ਕੋਈ ਨਵੀਂ ਕਿਤਾਬ ਤਿਆਰ ਕੀਤੀ ਜਾਵੇ । ਸੋ ਗੁਰੂ ਸਾਹਿਬ ਨੇ ਦੁਬਾਰਾ ਫਿਰ ਮਿਹਰ ਕੀਤੀ ਤੇ ਕੰਨੋ

ਫੜ ਕੇ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂ ਸਮਰਪਤ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ਭਾਗ -2" ਲਈ ਜਗਾਇਆ ਅਤੇ ਦਾਸ ਦੇ ਸਿਰ ਤੇ ਹੱਥ ਰੱਖ ਕੇ ਇਹ ਸੇਵਾ ਸ਼ੁਰੂ ਕਰਾਈ । ਜਿਥੇ ਇਸ ਕਿਤਾਬਚੇ ਵਿੱਚ ਗੁਰੂ ਨਾਨਕ ਸਾਹਿਬ ਦਾ ਸੰਖੇਪ ਅਤੇ ਪ੍ਰਸ਼ਨ/ ਉੱਤਰ ਦੇ ਰੂਪ ਵਿੱਚ ਇਤਿਹਾਸ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਉੱਥੇ ਗੁਰੂ ਨਾਨਕ ਸਾਹਿਬ ਦੀ ਬਾਣੀ 'ਜਪੁ', 'ਆਸਾ ਕੀ ਵਾਰ' ਅਤੇ 'ਸਿਧ ਗੋਸਿਟ' ਵਿੱਚੋਂ ਗੁਰੂ ਸਾਹਿਬ ਦੀ ਵਿਚਾਰਧਾਰਾ ਨੂੰ ਵੀ ਪ੍ਰਸ਼ਨ/ ਉੱਤਰਾਂ ਰਾਹੀਂ ਅਪਣੀ ਤੁਛ ਬੁਧੀ ਅਨੁਸਾਰ ਪੇਸ਼ ਕਰਨ ਦੀ ਨਿਮਾਣੀ ਕੋਸ਼ਿਸ਼ ਕੀਤੀ ਗਈ ਹੈ ਤਾਂ ਕਿ ਆਉਣ ਵਾਲੀ ਪੀੜੀ ਨੂੰ ਕੋਈ ਸੇਧ ਮਿਲ ਸਕੇ । ਸੋ ਆਸ ਹੈ ਜਿਥੇ ਸੰਗਤ ਇਸ ਤੋਂ ਲਾਹਾ ਲਏਗੀ ਉੱਥੇ ਦਾਸ ਦੀਆਂ ਜੋ ਗਲਤੀਆਂ, ਕਮੀਆਂ ਪੇਸ਼ੀਆਂ ਰਹਿ ਗਈਆਂ ਹਨ ਉਹ ਵੀ ਦਾਸ ਦੇ ਧਿਆਨ ਗੋਚਰੇ ਲਿਆਉਣ ਦੀ ਕ੍ਰਿਪਾਲਤਾ ਕਰੇਗੀ ।

ਭੁੱਲ-ਚੁੱਕ ਲਈ ਮੁਆਫ਼ੀ ।

**ਬਲਵਿੰਦਰ ਸਿੰਘ ਮੁਲਤਾਨੀ**

ਬਰੈਂਪਟਨ, ਕੈਨੇਡਾ ।

ਫੋਨ ਨੰਬਰ 6477714932

੧ਓ ਸਤਿਗੁਰ ਪ੍ਰਸਾਦਿ॥

## ਇੱਕ ਉਪਰਾਲਾ।

ਸਰਵ ਉੱਚ ਸਕਤੀਮਾਨ ਜੋਤ ਦੇ ਪ੍ਰਚਾਰਕ, ਅਡੰਬਰਾਂ, ਪਾਖੰਡਾਂ, ਜਾਤ ਪਾਤ, ਉਚ ਨੀਚ ਦੇ ਵਿਰੋਧੀ, ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ ਨੂੰ ਲਾਗੂ ਕਰਨ ਵਾਲੇ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਪਣੀ ਪੂਰੀ ਜ਼ਿੰਦਗੀ ਲੋਕਾਈ ਨੂੰ ਇੱਕੋ ਇੱਕ ਪ੍ਰਮਾਤਮਾ ਨਾਲ ਜੋੜਨ ਲਈ ਅਤੇ ਜ਼ਿੰਦਗੀ ਦਾ ਮਕਸਦ ਸਮਝਾਉਣ ਵਿੱਚ ਬਤੀਤ ਕਰ ਦਿੱਤੀ। ਜਿੱਥੇ ਉਹਨਾਂ ਨੇ ਮਾਨਵਤਾ ਦਾ ਸੰਦੇਸ ਦਿੱਤਾ, ਉਥੇ ਸਿੱਖ ਧਰਮ ਦੀ ਨੀਂਹ ਰੱਖ ਕੇ ਇਮਾਰਤ ਦੀ ਮੁਕੰਮਲ ਉਸਾਰੀ  ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਰਵਾਈ ਅਤੇ ਸਮੁੱਚੇ ਜਗਤ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸ਼ਬਦ ਗੁਰੂ ਨੂੰ ਸਥਾਪਿਤ ਕੀਤਾ।

2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ ਅਤੇ ਸਿਧਾਂਤ ਨੂੰ ਸਮਝਣ ਅਤੇ ਬੱਚਿਆਂ ਨੂੰ ਸਮਝਾਉਣ ਲਈ ਸਾਲ 2004 ਵਿੱਚ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ" ਕਿਤਾਬ ਪ੍ਰਸ਼ਨ ਉਤਰ ਦੇ ਰੂਪ ਵਿੱਚ ਗੁਰਦੁਆਰਾ ਹਰਿਚਰਣ ਕਮਲ ਸਾਹਿਬ, ਐਸ.ਏ.ਐਸ. ਨਗਰ ਵੱਲੋਂ ਪ੍ਰਕਾਸਿਤ ਕੀਤੀ ਗਈ। ਜਿੱਥੇ ਇਹ ਕਿਤਾਬ ਹਰ ਸਾਲ ਗੁਰਦੁਆਰਾ ਸਾਹਿਬ ਵਿਖੇ ਹੋਣ ਵਾਲੇ ਬਾਲ ਉਤਸ਼ਾਹਿਤ ਸਮਾਗਮਾਂ ਲਈ ਬਹੁਤ ਕਾਰਗਰ ਸਿੱਧ ਹੋਈ ਉਥੇ ਬੱਚਿਆਂ ਅਤੇ ਸੰਗਤਾਂ ਵੱਲੋਂ ਇਸ ਕਿਤਾਬ ਵਿੱਚ ਦਰਜ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੀ ਗੁਰੂ ਅੰਗਦ ਪਾਤਸ਼ਾਹ ਜੀ ਅਤੇ ਸਾਹਿਬਜਾਦਿਆਂ ਦੇ ਇਤਿਹਾਸ ਦੇ ਨਾਲ ਨਾਲ ਕੁੱਝ ਸਿੱਖ ਰਹਿਤ ਮਰਯਾਦਾ ਬਾਰੇ ਪ੍ਰਸ਼ਨ ਉਤਰ ਦੇ ਰੂਪ ਵਿਚ ਉਪਲਬਧ ਕਰਵਾਈ ਗਈ ਜਾਣਕਾਰੀ ਦੀ ਸਮੂਹ ਸੰਗਤਾਂ ਵੱਲੋਂ ਸ਼ਲਾਘਾ ਕੀਤੀ ਗਈ।

3. ਸਾਲ 2019 ਵਿੱਚ ਸਮੁੱਚੇ ਜਗਤ ਵਿੱਚ ਸ਼੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਬੜੀ ਸ਼ਰਧਾ, ਭਾਵਨਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ। ਇਹ ਮਹਿਸੂਸ ਕੀਤਾ ਗਿਆ ਕਿ ਇਸ ਮੌਕੇ ਤੇ ਸ਼੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ, ਉਹਨਾਂ ਵੱਲੋਂ ਕੀਤੇ ਗਏ ਪ੍ਰਚਾਰ ਦੌਰੇ, ਰਚੀਆਂ ਗਈਆਂ ਕੁਝ ਬਾਣੀਆਂ, (ਜਪੁ, ਰਹਿਰਾਸ, ਆਸਾ ਕੀ ਵਾਰ, ਸਿਧ ਗੋਸਟਿ ਆਦਿ) ਅਤੇ ਖਾਲਸਾਈ ਬੋਲਿਆਂ ਸਹਿਤ ਕਿਤਾਬਚਾ ਤਿਆਰ ਕੀਤਾ ਜਾਵੇ। ਸੋ ਇਸ ਉਦੇਸ਼ ਦੀ ਪੂਰਤੀ ਲਈ ਗੁਰਦੁਆਰਾ ਸਾਹਿਬ ਦੇ ਸਾਬਕਾ ਜਨਰਲ ਸਕੱਤਰ ਸ੍ਰ. ਬਲਵਿੰਦਰ ਸਿੰਘ, ਜੋ ਕੈਨੇਡਾ

ਵਿਖੇ ਚਲੇ ਗਏ ਹਨ ਅਤੇ ਉਥੇ ਵੀ ਉਹਨਾਂ ਸੇਵਾ ਜਾਰੀ ਰੱਖਦੇ ਹੋਏ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸੇਵਾ ਸੁਸਾਇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਬੱਚਿਆਂ ਨੂੰ ਨਿਸ਼ਕਾਮਤਾ ਨਾਲ ਗੁਰਮਤਿ ਦੀ ਸੋਝੀ ਦਿੱਤੀ ਜਾਂਦੀ ਹੈ, ਉਹਨਾਂ ਵੱਲੋਂ ਹੀ ਫਿਰ ਉਦਮ ਕੀਤਾ ਗਿਆ ਅਤੇ ਇਹ ਕਿਤਾਬਚਾ ਸ਼੍ਰੀ ਗੁਰੂ ਨਾਨਕ ਪਾਤਸ਼ਾਹ ਦੇ ਫਲਸਫੇ ਨੂੰ ਸਮਝਣ ਲਈ ਤਿਆਰ ਕੀਤਾ ਗਿਆ ਹੈ। ਗੁਰਦੁਆਰਾ ਹਰਿਚਰਣ ਕਮਲ ਸਾਹਿਬ ਦੇ ਮੌਜੂਦਾ ਪ੍ਰਬੰਧਕਾਂ ਵੱਲੋਂ ਵੀ ਇਸ ਵਿੱਚ ਯਥਾਯੋਗ ਯੋਗਦਾਨ ਪਾਇਆ ਜਾ ਰਿਹਾ ਹੈ ਅਤੇ ਪਹਿਲੇ ਪਾਤਸ਼ਾਹ ਜੀ ਦੇ ਉਪਦੇਸ਼ ਸਾਧ ਸੰਗਤ, ਵਿਸ਼ੇਸ਼ ਕਰਕੇ ਬੱਚਿਆਂ ਨੂੰ, ਦ੍ਰਿੜ ਕਰਾਉਣ ਦੇ ਇਰਾਦੇ ਨਾਲ "ਜੋ ਆਪਿ ਜਪੈ ਅਵਰਹ ਨਾਮੁ ਜਪਾਵੈ" ਦੇ ਉਪਦੇਸ਼ ਨੂੰ ਲਾਗੂ ਕਰਨ ਲਈ ਪਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ਭਾਗ 2" ਦੇ ਰੂਪ ਵਿੱਚ ਇਹ ਪ੍ਰਸ਼ਨ ਉਤਰਾਂ ਦਾ ਕਿਤਾਬਚਾ ਗੁਰਦੁਆਰਾ ਹਰਿਚਰਣ ਕਮਲ ਸਾਹਿਬ ਅਤੇ ਸ਼੍ਰੀ ਗੁਰੂ ਹਰਿ ਕ੍ਰਿਸ਼ਨ ਸੁਸਾਇਟੀ ਵੱਲੋਂ ਸਾਂਝੇ ਤੌਰ ਤੇ ਪ੍ਰਕਾਸ਼ਿਤ ਕਰਾਉਂਦੇ ਹੋਏ ਆਪ ਜੀ ਦੇ ਹੱਥ ਵਿੱਚ ਦੇਣ ਦਾ ਇੱਕ ਹੋਰ ਨਿਮਾਣਾ ਯਤਨ ਕੀਤਾ ਗਿਆ ਹੈ।

4. ਸਮੂਹ ਸਾਧ ਸੰਗਤ ਜੀ ਨੂੰ ਬੇਨਤੀ ਹੈ ਕਿ "ਹਮ ਅਪਰਾਧੀ ਸਦ ਭੂਲਤੇ ਤੁਮ ਬਖਸਣਹਾਰੇ" ਅਨੁਸਾਰ ਇਸ ਕਿਤਾਬ ਵਿੱਚ ਪੰਥ ਪ੍ਰਵਾਨਤ ਹਵਾਲੇ ਦੇ ਕੇ ਸੂਚਨਾ ਉਪਬਲਧ ਕਰਾਉਣ ਦਾ ਯਤਨ ਕੀਤਾ ਗਿਆ ਹੈ। ਫਿਰ ਵੀ ਰਹਿ ਗਈਆਂ ਕਮੀਆਂ ਲਈ ਖਿਮਾਂ ਬਖਸ਼ਦੇ ਹੋਏ ਜਿੱਥੇ ਦਾਸਰਿਆਂ ਨੂੰ ਜਾਣੂ ਕਰਾਉਣ ਦੀ ਖੇਚਲ ਕਰਨੀ ਉੱਥੇ ਅੱਗੇ ਤੋਂ ਭੁੱਲਾਂ ਦੇ ਸੁਧਾਰ ਲਈ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਵੀ ਕਰਨੀ ਜੀ।

ਧੰਨਵਾਦ ਸਹਿਤ।

**ਸੁਰਿੰਦਰ ਸਿੰਘ**
ਮੁੱਖ ਸੇਵਾਦਾਰ,
# 527, ਫੇਜ਼ 10,
ਸ.ਅ.ਸ.ਨਗਰ, ਮੋਹਾਲੀ
ਮੋ.ਨੰ: 8146110527

**ਬਲਵਿੰਦਰ ਸਿਘ**
ਜਨਰਲ ਸਕੱਤਰ
# 933, ਫੇਜ਼ 10,
ਸ.ਅ.ਸ.ਨਗਰ, ਮੋਹਾਲੀ
ਮੋ.ਨੰ: 9888010933

# ਜਨਮ ਤੋਂ ਸੁਲਤਾਨਪੁਰ ਲੋਧੀ

1. **ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਅਤੇ ਕਿਥੇ ਹੋਇਆ ਸੀ ?**

   ਗੁਰੂ ਜੀ ਦਾ ਜਨਮ 15 ਅਪ੍ਰੈਲ 1469 ਦਿਨ ਸਨਿਚਰਵਾਰ ਰਾਇ ਭੋਇ ਦੀ ਤਲਵੰਡੀ ਵਿਖੇ ਹੋਇਆ।

2. **ਤਲਵੰਡੀ ਦਾ ਪਹਿਲਾ ਨਾਮ ਕੀ ਸੀ?**

   ਰਾਇਪੁਰ, ਫਿਰ ਰਾਇ ਭੋਇ ਦੀ ਤਲਵੰਡੀ ਅਤੇ ਹੁਣ ਨਨਕਾਣਾ ਸਾਹਿਬ।

3. **ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਮ ਦੱਸੋ?**

   ਬਾਬਾ ਕਾਲੂ ਜੀ।

4. **ਮਹਿਤਾ ਕਾਲੂ ਜੀ ਦਾ ਜਨਮ ਕਦੋਂ ਹੋਇਆ ਸੀ?**

   ਮਹਿਤਾ ਕਾਲੂ ਜੀ ਦਾ ਜਨਮ ਸੰਨ 1440 ਈਸਵੀ ਵਿੱਚ ਹੋਇਆ ਸੀ।

5. **ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਕੀ ਕੰਮ ਕਰਦੇ ਸਨ?**

   ਪਟਵਾਰੀ ਸਨ ਅਤੇ ਨਾਲ ਖੇਤੀ ਵੀ ਕਰਦੇ ਸਨ।

6. **ਬਾਬਾ ਕਾਲੂ ਦਾ ਅਸਲੀ ਪਿੰਡ ਕਿਹੜਾ ਸੀ?**

   ਪੱਠੇ ਵਿੰਡ, ਤਹਿਸੀਲ ਤਰਨਤਾਰਨ, ਜ਼ਿਲਾ ਅੰਮ੍ਰਿਤਸਰ।

7. **ਗੁਰੂ ਨਾਨਕ ਦੇਵ ਜੀ ਦੀ ਮਾਤਾ ਦਾ ਕੀ ਨਾਮ ਸੀ?**

   ਮਾਤਾ ਤ੍ਰਿਪਤਾ ਜੀ।

8. **ਗੁਰੂ ਨਾਨਕ ਦੇਵ ਜੀ ਦੇ ਵੱਡੀ ਭੈਣ ਦਾ ਜਨਮ ਕਦੋਂ ਤੇ ਕਿੱਥੇ ਹੋਇਆ?**

   1464 ਈਸਵੀ ਪਿੰਡ ਚਾਹਲ ਵਿਖੇ।

9. **ਜਦ ਗੁਰੁ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ ਤਾਂ ਉਸ ਸਮੇਂ ਕਿਸ ਦਾ ਰਾਜ ਸੀ?**

   ਉਸ ਸਮੇਂ ਬਹਿਲੋਲ ਲੋਧੀ ਦਾ ਰਾਜ ਸੀ।

**10. ਗੁਰੂ ਜੀ ਨੂੰ ਕਿੰਨੀ ਉਮਰੇ ਅਤੇ ਕਿਸ ਪਾਸ ਪੜ੍ਹਨੇ ਪਾਇਆ?**

ਗੁਰੂ ਜੀ ਨੂੰ 7 ਸਾਲ ਦੀ ਉਮਰ ਵਿਚ ਗੋਪਾਲ ਪੰਡਿਤ ਪਾਸ ਹਿੰਦੀ ਪੜ੍ਹਨ ਲਈ ਅਤੇ ਫਿਰ ਬ੍ਰਿਜ ਲਾਲ ਪੰਡਿਤ ਪਾਸ ਸੰਸਕ੍ਰਿਤ ਪੜ੍ਹਨ ਪਾਇਆ।

13 ਸਾਲ ਦੀ ਉਮਰ ਵਿਚ ਤਲਵੰਡੀ ਦੇ ਮੌਲਵੀ ਕੁੱਤਬੁਦੀਨ ਕੋਲ ਫਾਰਸੀ ਪੜ੍ਹਨ ਲਈ ਭੇਜਿਆ।

**11. ਗੁਰੂ ਜੀ ਦੇ ਉਸਤਾਦਾਂ ਨੇ ਗੁਰੂ ਜੀ ਬਾਰੇ ਕੀ ਮਹਿਸੂਸ ਕੀਤਾ?**

ਉਹਨਾਂ ਦੇ ਉਸਤਾਦ ਬਹੁਤ ਹੈਰਾਨ ਹੋਏ ਕਿਉਂਕਿ ਗੁਰੂ ਜੀ ਦਾ ਨਿਰਾ ਦਿਮਾਗ ਹੀ ਰੋਸ਼ਨ ਨਹੀਂ ਸੀ ਬਲਕਿ ਉਨ੍ਹਾਂ ਨੂੰ ਆਤਮਕ ਜੀਵਨ ਦੀ ਵੀ ਪੂਰੀ ਸੂਝ-ਬੂਝ ਸੀ।

**12. ਬਾਬਾ ਕਾਲੂ ਜੀ ਦੇ ਘਰ ਦਾ ਪ੍ਰੋਹਿਤ ਕੌਣ ਸੀ?**

ਪੰਡਿਤ ਹਰਦਿਆਲ ਜੀ ਉਹਨਾਂ ਦੇ ਘਰੇਲੂ ਪ੍ਰੋਹਿਤ ਸਨ।

**13. ਗੁਰੂ ਜੀ ਨੂੰ ਕਿੰਨੀ ਉਮਰੇ ਜਨੇਊ ਪਾਉਣ ਲੱਗੇ ਸਨ?**

10 ਸਾਲ ਦੀ ਉਮਰ ਵਿੱਚ।

**14. ਜਨੇਊ ਪਾਉਣ ਸਮੇਂ ਕਿਸ ਪੰਡਿਤ ਨੂੰ ਬੁਲਾਇਆ ਸੀ?**

ਪੰਡਿਤ ਹਰਦਿਆਲ ਜੀ ਨੂੰ।

**15. ਪੰਡਿਤ ਨੂੰ ਗੁਰੂ ਜੀ ਨੇ ਕਿਸ ਤਰ੍ਹਾਂ ਦਾ ਜਨੇਊ ਪਾਉਣ ਲਈ ਕਿਹਾ ਸੀ?**

ਗੁਰੁ ਜੀ ਨੇ ਆਤਮਕ ਜਨੇਉ ਪਾਉਣ ਲਈ ਕਿਹਾ। ਜਿਸ ਦੀ ਕਪਾਹ ਦਇਆ, ਸੂਤ ਸੰਤੋਖ, ਜਤ ਦੀ ਗੰਢ ਅਤੇ ਸਤ ਦਾ ਵੱਟ ਹੋਵੇ। "ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ"।।

**16. ਰਾਏ ਬੁਲਾਰ ਕਿੰਨੇ ਪਿੰਡਾਂ ਦਾ ਮਾਲਕ ਸੀ?**

ਰਾਏ ਬੁਲਾਰ 10 ਪਿੰਡਾਂ ਦਾ ਮਾਲਕ ਸੀ

**17. ਗੁਰੂ ਜੀ ਮੱਝਾਂ ਛੱਡ ਕੇ ਕਦੋਂ ਜੂਹ ਵਿੱਚ ਲੈ ਕੇ ਗਏ?**

10-12 ਸਾਲ ਦੀ ਉਮਰ ਵਿੱਚ ਜਦੋਂ ਮੱਝਾਂ ਦਾ ਮਾਹੀ ਵਾਂਢੇ ਗਿਆ ਹੋਇਆ ਸੀ ਤਾਂ ਗੁਰੂ ਜੀ ਮੱਝਾਂ ਨੂੰ ਜੂਹ ਵਿੱਚ ਲੈ ਗਏ।

**18. ਕਿਸਾਨ ਦੇ ਖੇਤ ਵਿੱਚ ਕਿਸ ਦੀਆਂ ਮੱਝਾਂ ਵੜੀਆਂ ਸਨ?**

ਕਿਸਾਨ ਦੇ ਖੇਤ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਮੱਝਾਂ ਵੜ ਗਈਆਂ ਸਨ।

**19. ਜਦੋਂ ਕਿਸਾਨ ਨੇ ਖੇਤ ਉਜੜਨ ਦੀ ਸਾਰੀ ਵਿਥਿਆ ਰਾਏ ਬੁਲਾਰ ਨੂੰ ਦੱਸੀ ਤਾਂ ਗੁਰੂ ਜੀ ਨੂੰ ਪੁਛਣ ਤੇ ਉਹਨਾਂ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ ਪਸ਼ੂਆਂ ਨੇ ਖੇਤ ਉਜਾੜਿਆ ਹੈ ਸੋ ਜੋ ਨੁਕਸਾਨ ਹੋਇਆ ਹੈ ਉਸ ਦਾ ਅੰਦਾਜਾ ਲੁਆਇਆ ਜਾਵੇ। ਅਸੀਂ ਨੁਕਸਾਨ ਭਰਨ ਲਈ ਤਿਆਰ ਹਾਂ।

**20. ਜੋ ਬੰਦੇ ਰਾਏ ਬੁਲਾਰ ਨੇ ਕਿਸਾਨ ਨਾਲ ਮੌਕਾ ਵੇਖਣ ਲਈ ਭੇਜੇ ਸਨ ਉਨ੍ਹਾਂ ਨੇ ਆ ਕੇ ਕੀ ਰਿਪੋਰਟ ਦਿੱਤੀ?**

ਉਹਨਾਂ ਨੇ ਦੱਸਿਆ ਕਿ ਪਸ਼ੂ ਖੇਤ ਵਿਚ ਜਰੂਰ ਗਏ ਹਨ ਅਤੇ ਉਨ੍ਹਾਂ ਨੇ ਫਸਲ ਉਜਾੜੀ ਵੀ ਹੈ, ਪਰ ਫਸਲ ਦਾ ਨੁਕਸਾਨ ਕੋਈ ਨਹੀਂ ਹੋਇਆ ਬਲਕਿ ਝਾੜ ਵੱਧ ਜਾਵੇਗਾ।

**21. ਗੁਰੂ ਜੀ ਦਾ ਰਿਸ਼ਤਾ ਕਿਸ ਨੇ ਕਰਵਾਇਆ ਸੀ?**

ਗੁਰੂ ਜੀ ਦੇ ਜੀਜਾ ਜੀ ਭਾਈਆ ਜੈ ਰਾਮ ਜੀ ਨੇ।

**22. ਭਾਈਆ ਜੈ ਰਾਮ ਕਿਥੋਂ ਦੇ ਰਹਿਣ ਵਾਲੇ ਸਨ?**

ਭਾਈਆ ਜੈ ਰਾਮ ਜੀ ਖਾਨਪੁਰ ਦੇ ਰਹਿਣ ਵਾਲੇ ਸਨ।

**23. ਭਾਈਆ ਜੈ ਰਾਮ ਜੀ ਕੀ ਕੰਮ ਕਰਦੇ ਸਨ?**

ਨਵਾਬ ਦੌਲਿਤ ਖਾਨ ਪਾਸ ਮਾਲ ਦੇ ਮਹਿਕਮੇ ਵਿੱਚ ਆਲਿਮ ਸਨ।

**24. ਗੁਰੂ ਜੀ ਦੀ ਕੁੜਮਾਈ ਕਦੋਂ ਅਤੇ ਕਿਸ ਨਾਲ ਹੋਈ ਸੀ?**

ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ੧੬ ਸਾਲ ਦੀ ਉਮਰ ਵਿੱਚ ਭਾਈ ਮੂਲ ਚੰਦ ਦੀ ਲੜਕੀ ਸੁਲੱਖਣੀ ਜੀ ਨਾਲ ਹੋਈ ਸੀ।

**25. ਗੁਰੂ ਜੀ ਦੇ ਸਹੁਰੇ ਦਾ ਕੀ ਨਾਮ ਸੀ ਅਤੇ ਕਿਥੋਂ ਦਾ ਰਹਿਣ ਵਾਲਾ ਸੀ?**

ਗੁਰੂ ਜੀ ਦੇ ਸਹੁਰੇ ਦਾ ਨਾਮ ਮੂਲ ਚੰਦ ਜੀ ਸੀ ਅਤੇ ਉਹ ਬਟਾਲੇ ਦੇ ਰਹਿਣ ਵਾਲੇ ਸਨ।

**26. ਗੁਰੂ ਨਾਨਕ ਦੇਵ ਜੀ ਦੀ ਪਤਨੀ ਦਾ ਕੀ ਨਾਮ ਸੀ ਅਤੇ ਉਹਨਾਂ ਦੇ ਪੇਕੇ ਕਿਥੇ ਸਨ?**

ਗੁਰੂ ਜੀ ਦੀ ਪਤਨੀ ਦਾ ਨਾਮ ਬੀਬੀ ਸੁਲੱਖਣੀ ਜੀ ਅਤੇ ਉਨ੍ਹਾਂ ਦੇ ਪੇਕੇ ਪੱਖੋ ਕੇ ਰੰਧਾਵੇ ਸਨ।

**27. ਗੁਰੂ ਜੀ ਦਾ ਵਿਆਹ ਕਦੋਂ ਅਤੇ ਕਿੱਥੇ ਹੋਇਆ?**

ਗੁਰੂ ਜੀ ਦਾ ਵਿਆਹ 21 ਮਈ 1489 ਨੂੰ 18 ਸਾਲ ਦੀ ਉਮਰੇ ਬਟਾਲਾ ਵਿਖੇ ਹੋਇਆ ਸੀ।

**28. ਗੁਰੂ ਨਾਨਕ ਦੇਵ ਜੀ ਦੇ ਕਿੰਨੇ ਬੱਚੇ ਸਨ?**

ਗੁਰੂ ਜੀ ਦੇ 2 ਪੁੱਤਰ ਸਨ। ਬਾਬਾ ਸ੍ਰੀ ਚੰਦ ਜੀ ਅਤੇ ਬਾਬਾ ਲਖਮੀ ਦਾਸ ਜੀ।

**29. ਗੁਰੂ ਜੀ ਦੇ ਪੁੱਤਰਾਂ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਸੀ?**

ਬਾਬਾ ਸ੍ਰੀ ਚੰਦ ਜੀ ਦਾ ਜਨਮ ਅਗਸਤ 1494 ਅਤੇ ਬਾਬਾ ਲਖਮੀ ਦਾਸ ਜੀ ਦਾ ਜਨਮ ਮਾਰਚ 1497 ਨੂੰ ਤਲਵੰਡੀ ਵਿਖੇ ਹੋਇਆ ਸੀ।

**30. ਭਾਈ ਮਰਦਾਨਾ ਕੌਣ ਸੀ?**

ਭਾਈ ਮਰਦਾਨਾ ਜੀ ਚੋਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਦਾ ਪੁੱਤਰ ਸੀ।

**31. ਗੁਰੂ ਨਾਨਕ ਦੇਵ ਜੀ ਨੇ ਕਿੰਨੇ ਰਾਗਾਂ ਵਿੱਚ ਬਾਣੀ ਉਚਾਰੀ?**

ਉਨੀਂ ਰਾਗਾਂ ਵਿੱਚ।

**32. ਗੁਰੂ ਜੀ ਨੇ ਤਿੰਨ ਦਿਨ ਗੁਪਤ ਰਹਿਣ ਤੋਂ ਬਾਅਦ ਕੀ ਨਾਅਰਾ ਦਿੱਤਾ?**

ਨਾ ਕੋਈ ਹਿੰਦੂ ਨਾ ਮੁਸਲਮਾਨ।

**33. ਸਾਊ ਲੋਕਾਂ ਲਈ ਉਪਜੀਵਕਾ ਦੇ ਕਿਹੜੇ ਚਾਰ ਕਿੱਤੇ ਮੰਨੇ ਗਏ ਹਨ?**

ਵਾਹੀ, ਹੱਟੀ, ਵਪਾਰ ਅਤੇ ਨੌਕਰੀ।

**34. ਬਹੂ ਬੇਟੀਆਂ ਦੇ ਵਿਆਹ ਬਾਲ ਉਮਰੇ ਕਿਉਂ ਕੀਤੇ ਜਾਂਦੇ ਸਨ?**

ਬੱਚੀਆਂ ਦੀ ਇੱਜ਼ਤ ਬਚਾਉਣ ਖਾਤਰ।

**35. ਗੁਰੂ ਜੀ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਖਰਾ ਸੌਦਾ ਕਰਨ ਲਈ ਕਿਤਨੇ ਰੁਪਏ ਦੇ ਕੇ ਭੇਜਿਆ ਸੀ?**

ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ 20 ਰੁਪਏ ਦੇ ਕੇ ਖਰਾ ਸੌਦਾ ਕਰਨ ਲਈ ਭੇਜਿਆ ਸੀ।

**36. ਗੁਰੂ ਜੀ ਕਿਸ ਸ਼ਹਿਰ ਤੋਂ ਸੌਦਾ ਖਰੀਦ ਕੇ ਲਿਆਏ ਸਨ?**

ਗੁਰੂ ਜੀ ਚੂਹੜਕਾਣੇ ਤੋਂ ਸੌਦਾ ਖਰੀਦ ਕੇ ਲਿਆਏ ਸਨ।

**37. ਜਦ ਗੁਰੂ ਜੀ 20 ਰੁਪਏ ਦਾ ਸੌਦਾ ਖਰੀਦਣ ਗਏ ਤਾਂ ਉਸ ਸਮੇਂ ਉਹਨਾਂ ਦੀ ਉਮਰ ਕਿੰਨੀ ਸੀ?**

ਤਦ ਗੁਰੂ ਜੀ ਦੀ ਉਮਰ 34-35 ਸਾਲ ਦੀ ਸੀ।

**38. ਗੁਰੂ ਜੀ ਦੇ ਪਿਤਾ ਜੀ ਨੂੰ ਕਿਸ ਗੱਲ ਦਾ ਦੁੱਖ ਸੀ?**

ਗੁਰੂ ਜੀ ਆਪਣੀ ਕਮਾਈ ਦਾ ਦਸਵੰਧ ਗਰੀਬਾਂ ਤੇ ਖਰਚ ਕਰ ਦਿੰਦੇ ਸਨ ਇਸੇ ਲਈ ਉਨ੍ਹਾਂ ਦੇ ਪਿਤਾ ਜੀ ਚਿੰਤਾਤੁਰ ਸਨ।

**39. ਗੁਰੂ ਜੀ ਜਦ ਕਈ ਦਿਨ ਚੁਪ ਰਹੇ ਅਤੇ ਅੰਨ-ਜਲ ਵੀ ਨਾ ਕੀਤਾ ਤਾਂ ਪਿਤਾ ਜੀ ਨੇ ਵੈਦ ਬੁਲਾਇਆ ਤਾਂ ਗੁਰੂ ਜੀ ਨੇ ਵੈਦ ਨੂੰ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਵੈਦ ਨੂੰ ਕਿਹਾ ਮੇਰੇ ਸਰੀਰ ਵਿੱਚ ਕੋਈ ਦਰਦ ਨਹੀਂ ਹੈ। ਦਰਦ ਤਾਂ ਕਲੇਜੇ ਵਿੱਚ ਹੈ। ਇਸ ਦਰਦ ਨੂੰ ਉਹੀ ਸਮਝ ਸਕਦਾ ਹੈ ਜਿਸ ਦੇ ਅੰਦਰ ਅਹਿਸਾਸ ਹੈ।

**40. ਗੁਰੂ ਨਾਨਕ ਦੇਵ ਜੀ ਸੁਲਤਾਨ ਪੁਰ ਕਦੋਂ ਆਏ ਸਨ?**

ਗੁਰੂ ਜੀ 30 ਅਕਤੂਬਰ 1504 ਨੂੰ ਸੁਲਤਾਨ ਪੁਰ ਆਏ ਸਨ।

**41. ਮੋਦੀ ਦੀ ਕੀ ਜੁਮੇਵਾਰੀ ਸੀ?**

ਮੋਦੀਖਾਨੇ ਦਾ ਹਿਸਾਬ ਰੱਖਣਾ ਅਤੇ ਮੁਲਾਜ਼ਮਾਂ ਨੂੰ ਜਿਨਸ ਤੋਲ ਕੇ ਦੇਣੀ - ਦਿਵਾਉਣੀ, ਮੋਦੀ ਦਾ ਕੰਮ ਸੀ।

**42. ਗੁਰੂ ਜੀ ਦੀ ਸਾਰੇ ਦਿਨ ਦੀ ਸਮਾਂ-ਸਾਰਨੀ (schedule) ਕੀ ਸੀ?**

ਅੰਮ੍ਰਿਤ ਵੇਲੇ ਤੋਂ ਦਿਨ ਚੜ੍ਹੇ ਤੱਕ ਕੀਰਤਨ ਕਰਦੇ। ਹੱਟੀ - ਪੱਟੀ ਤੋਂ ਵਿਹਲੇ ਹੋ ਕੇ ਤੀਜੇ ਚੌਥੇ ਪਹਿਰ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਫਿਰ ਕੀਰਤਨ ਕਰਨਾ।

**43. ਭਾਈ ਭਗੀਰਥ ਗੁਰੂ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਕਿਸ ਦੇ ਪੁਜਾਰੀ ਸਨ?**

ਭਾਈ ਜੀ ਪਹਿਲਾਂ ਦੁਰਗਾ ਦੇ ਪੁਜਾਰੀ ਸਨ।

**44. ਭਾਈ ਮਨਸੁਖ ਗੁਰੂ ਜੀ ਦੇ ਸਿੱਖ ਕਿਵੇਂ ਬਣੇ?**

ਭਾਈ ਭਗੀਰਥ ਦੇ ਜੀਵਨ ਵਿਚ ਕੋਈ ਸੁਆਦਲੀ ਖਿਚ ਦੇਖ ਕੇ ਅਤੇ ਉਨ੍ਹਾਂ ਤੋਂ ਗੁਰੂ ਜੀ ਦੀ ਸੋਭਾ ਵਡਿਆਈ ਸੁਣ ਕੇ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਸੁਲਤਾਨ ਪੁਰ ਆਏ ਅਤੇ ਗੁਰੂ ਜੀ ਦੀ ਸੰਗਤ ਕਰ ਕੇ ਉਹ ਗੁਰੂ ਜੀ ਦੇ ਸਿੱਖ ਬਣ ਗਏ।

**45. ਭਾਈ ਮਨਸੁਖ ਜੀ ਨੇ ਜੀਵਨ ਜੀਉਣ ਦਾ ਸੁਚੱਜਾ ਢੰਗ ਕਿਸ ਤੋਂ ਅਤੇ ਕਿਸ ਸਥਾਨ ਤੇ ਸਿਖਿਆ ਸੀ?**

ਭਾਈ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਸੁਲਤਾਨਪੁਰ ਵਿਖੇ ਗੁਰੂ ਜੀ ਦੀ ਸੰਗਤ ਕਰ ਕੇ ਜੀਵਨ ਜੀਉਣ ਦਾ ਸੁਚੱਜਾ ਢੰਗ ਸਿਖਿਆ ਸੀ।

**46. ਰਾਜਾ ਸ਼ਿਵਨਾਭ ਕਿਥੋਂ ਦਾ ਰਹਿਣ ਵਾਲਾ ਸੀ ਤੇ ਉਹ ਗੁਰੂ ਨਾਨਕ ਦੇਵ ਜੀ ਦਾ ਸਿੱਖ ਕਿਵੇਂ ਬਣਿਆਂ ਸੀ?**

ਰਾਜਾ ਸ਼ਿਵਨਾਭ ਸੰਘਲਾ-ਦੀਪ ਦਾ ਰਹਿਣ ਵਾਲਾ ਸੀ ਅਤੇ ਉਹ ਮਨਸੁਖ ਦੇ ਨਵੇਂ ਸੁੱਚੇ ਵਣਜ ਨੂੰ ਤੱਕ ਕੇ ਗੁਰੂ ਜੀ ਦਾ ਸਿੱਖ ਬਣ ਗਿਆ।

**47. ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਸੁਲਤਾਨ ਪੁਰ ਕਿਉਂ ਬੁਲਾਇਆ?**

ਸਤਸੰਗ ਦੇ ਵਧਣ ਨਾਲ ਸਤਸੰਗੀਆਂ ਅਤੇ ਲੋੜਵੰਦਾਂ ਨੂੰ ਪ੍ਰਸ਼ਾਦ ਛਕਾਉਣਾ ਉਹਨਾਂ ਦੀ ਨਿੱਤ ਦੀ ਕਾਰ ਸੀ। ਇਹ ਸਾਰਾ ਭਾਰ ਉਹ ਆਪਣੀ ਭੈਣ ਤੇ ਨਹੀਂ ਪਾਉਣਾ ਚਾਹੁੰਦੇ ਸਨ।

**48. ਗੁਰੂ ਜੀ ਸੁਲਤਾਨ ਪੁਰ ਕਿੰਨਾਂ ਸਮਾਂ ਰਹੇ?**

ਗੁਰੂ ਜੀ ਸੁਲਤਾਨ ਪੁਰ 30 ਅਕਤੂਬਰ 1504 ਤੋਂ 30 ਅਗਸਤ 1507 ਈ: ਤੱਕ ਦੋ ਸਾਲ 10 ਮਹੀਨੇ ਟਿਕੇ ਰਹੇ।

**49. ਗੁਰੂ ਜੀ ਦੀਆਂ ਸ਼ਿਕਾਇਤਾਂ ਜਦ ਰਿਸ਼ਵਤ ਖੋਰਾਂ ਨੇ ਨਵਾਬ ਦੌਲਤ ਖਾਂ ਕੋਲ ਕੀਤੀਆਂ ਤਾਂ ਨਵਾਬ ਦੇ ਹਿਸਾਬ ਚੈੱਕ ਕਰਵਾਉਣ ਤੇ ਹਿਸਾਬ ਕਿਸ ਤਰਾਂ ਨਿਕਲਿਆ ਸੀ?**

ਹਿਸਾਬ ਬਿਲਕੁਲ ਸਹੀ ਨਿਕਲਿਆ ਸੀ।

**50. ਗੁਰੂ ਜੀ ਨੇ ਪ੍ਰਚਾਰ ਦੌਰੇ ਤੇ ਜਾਣ ਤੋਂ ਪਹਿਲਾਂ ਪਰਿਵਾਰ ਕਿਸ ਦੇ ਸਪੁਰਦ ਕੀਤਾ ਸੀ?**

ਗੁਰੂ ਜੀ ਨੇ ਆਪਣਾ ਪਰਿਵਾਰ ਆਪਣੇ ਸਹੁਰੇ ਮੂਲ ਚੰਦ ਦੇ ਸਪੁਰਦ ਕੀਤਾ।

**51. ਗੁਰੂ ਜੀ ਨੇ ਜਦ ਵੇਈਂ ਨਦੀ ਵਿੱਚ ਟੁੱਬੀ ਮਾਰੀ ਤਾਂ ਸੰਗਤਾਂ ਨੇ ਕਿੰਨੇ ਦਿਨਾਂ ਬਾਅਦ ਉਹਨਾਂ ਨੂੰ ਮੜ੍ਹੀਆਂ ਵਿੱਚੋਂ ਲੱਭਿਆ?**

ਤਿੰਨ ਦਿਨ ਬਾਦ।

**52. ਗੁਰੂ ਜੀ ਨੇ ਕਹੇ ਜਾਂਦੇ ਤੀਰਥਾਂ ਤੇ ਜਾਣ ਦਾ ਫੈਸਲਾ ਕਿਉਂ ਲਿਆ?**

ਥੋੜ੍ਹੇ ਸਮੇਂ ਵਿੱਚ ਜਿਆਦਾ ਜਨਤਾ ਨੂੰ ਜਗਾਉਣ ਅਤੇ ਧਾਰਮਿਕ ਪ੍ਰਚਾਰਕਾਂ ਦੀਆਂ ਕਮਜ਼ੋਰੀਆਂ ਜਨਤਾ ਦੇ ਸਾਹਮਣੇ ਲਿਆਉਣ ਲਈ ਗੁਰੂ ਜੀ ਨੇ ਇਹ ਫੈਸਲਾ ਲਿਆ ਸੀ।

**53. ਗੁਰੂ ਜੀ ਵੇਂਈ ਨਦੀ ਵਿਚ ਕਦੋਂ ਵੜੇ ਅਤੇ ਮੋਦੀ ਖਾਨਾ ਕਦੋਂ ਛੱਡਿਆ?**

ਗੁਰੂ ਜੀ ਭਾਦਰੋਂ ਸੁਦੀ 13, ਸੰਮਤ 1564 ਨੂੰ ਨਦੀ ਵਿਚ ਵੜੇ ਅਤੇ 3 ਅਕਤੂਬਰ 1507 ਈਸਵੀ ਨੂੰ ਮੋਦੀ ਖਾਨਾ ਛੱਡਿਆ ਸੀ।

**54. ਭਾਈ ਮਰਦਾਨਾ ਜੀ ਅਤੇ ਗੁਰੂ ਜੀ ਦੀ ਉਮਰ ਵਿਚ ਕੀ ਅੰਤਰ ਸੀ?**

ਭਾਈ ਮਰਦਾਨਾ ਅਤੇ ਗੁਰੂ ਜੀ ਦੀ ਉਮਰ ਵਿੱਚ 9 ਸਾਲ 2 ਮਹੀਨੇ ਦਾ ਅੰਤਰ ਸੀ।

## ਪਹਿਲਾ ਪ੍ਰਚਾਰ ਦੌਰਾ

1. **ਗੁਰੂ ਜੀ ਦੇ ਪਹਿਲੇ ਪ੍ਰਚਾਰ ਦੌਰੇ ਦਾ ਕੀ ਸਮਾਂ ਸੀ?**

   ਸਤੰਬਰ 1507 ਤੋਂ 1515 ਈਸਵੀ ਦੇ ਅਖੀਰ ਤੱਕ।

2. **ਉਦਾਸੀਆਂ ਤੇ ਜਾਣ ਸਮੇਂ ਗੁਰੂ ਜੀ ਨੇ ਗੇਰੂ ਰੰਗ ਦੇ ਬਸਤਰ ਕਿਉਂ ਪਹਿਨੇ?**

   ਕਿਉਂਕਿ ਇਹ ਰੰਗ ਤੇ ਗੰਦਗੀ ਜਲਦੀ ਨਜ਼ਰ ਨਹੀਂ ਆਉਂਦੀ ਅਤੇ ਸਫਰ ਵਿੱਚ ਸਮਾਨ ਘੱਟ ਤੋਂ ਘੱਟ ਹੀ ਚਾਹੀਦਾ ਹੈ।

3. **ਜਵਾਹਰ ਮੱਲ ਚੌਹੱਟੇ ਪਾਸ ਸਿਰੀਆਂ ਵਾਲੇ ਮਹੱਲੇ ਦੇ ਧਨਾਢ ਖੱਤਰੀ ਦੁਨੀ ਚੰਦ ਨੂੰ ਗੁਰੂ ਜੀ ਨੇ ਕੀ ਸਿੱਖਿਆ ਦਿੱਤੀ?**

   ਗੁਰੂ ਜੀ ਨੇ ਸਮਝਾਇਆ ਕਿ ਮਰਨ ਪਿੱਛੋਂ ਭੇਜੀਆਂ ਰੋਟੀਆਂ ਕਿਸੇ ਨੂੰ ਨਹੀਂ ਅੱਪੜਦੀਆਂ। ਜੀਉਂਦੇ ਮਾਪਿਆਂ ਦੀ ਸੇਵਾ ਕਰਨੀ ਚਾਹੀਦੀ ਹੈ।

4. **ਕੀ ਗੁਰੂ ਜੀ ਅੱਜ ਦੇ ਸਾਧਾਂ ਵਾਂਗ ਆਪਣੇ ਗ੍ਰਿਹਸਥੀ ਜੀਵਨ ਤੋਂ ਤੰਗ ਆ ਕੇ ਫਕੀਰ ਬਣੇ ਸਨ?**

   ਨਹੀਂ, ਗੁਰੂ ਜੀ ਇਨਸਾਨੀਅਤ ਦੇ ਦਰਦ ਨੂੰ ਸਮਝਦੇ ਹੋਏ ਲੋਕ ਭਲਾਈ ਖਾਤਰ ਘਰੋਂ ਨਿਕਲੇ ਸਨ।

5. **ਭਾਈ ਲਾਲੋ ਅਤੇ ਮਲਿਕ ਭਾਗੋ ਕਿੱਥੋਂ ਦੇ ਰਹਿਣ ਵਾਲੇ ਸਨ?**

   ਭਾਈ ਲਾਲੋ ਅਤੇ ਮਲਿਕ ਭਾਗੋ ਸੈਦਪੁਰ ਦੇ ਰਹਿਣ ਵਾਲੇ ਸਨ। ਅੱਜ ਕੱਲ ਉਸਦਾ ਨਾਮ ਏਮਨਾਬਾਦ ਹੈ।

6. **ਭਾਈ ਲਾਲੋ ਅਤੇ ਮਲਿਕ ਭਾਗੋ ਕੌਣ ਸਨ?**

   ਭਾਈ ਲਾਲੋ ਘਟਾਉੜਾ ਗੋਤ ਦਾ ਇੱਕ ਤਰਖਾਣ ਸੀ। ਮਲਿਕ ਭਾਗੋ ਸੈਦਪੁਰ ਦੇ ਪਠਾਣ ਜ਼ਾਲਮ ਖਾਂ ਦਾ ਇੱਕ ਅਹਿਲਕਾਰ ਹੇਰੜ ਜਾਤ ਦਾ ਖੱਤਰੀ ਸੀ।

7. **ਗੁਰੂ ਜੀ ਨੇ ਸੈਦਪੁਰ ਪਹੁੰਚ ਕੇ ਕਿੱਥੇ ਟਿਕਾਣਾ ਕੀਤਾ?**

   ਗੁਰੂ ਜੀ ਭਾਈ ਲਾਲੋ ਦੇ ਘਰ ਠਹਿਰੇ ਸਨ।

8. **ਮਲਿਕ ਭਾਗੋ ਨੇ ਬ੍ਰਹਮ ਭੋਜ ਕਿਸ ਸਬੰਧ ਵਿੱਚ ਕੀਤਾ ਸੀ?**

ਮਲਿਕ ਭਾਗੋ ਨੇ ਆਪਣੇ ਪਿਤਾ ਜੀ ਦਾ ਸਰਾਧ ਮਨਾਉਣ ਲਈ ਬ੍ਰਹਮ ਭੋਜ ਕੀਤਾ ਸੀ।

9. **ਜਦ ਮਲਿਕ ਭਾਗੋ ਨੇ ਗੁਰੂ ਜੀ ਤੋਂ ਪੁਛਿਆ ਕਿ ਤੁਸੀਂ ਮੇਰੇ ਬ੍ਰਹਮ ਭੋਜ ਵਿੱਚ ਕਿਉਂ ਨਹੀਂ ਸ਼ਾਮਲ ਹੋਏ, ਤਾਂ ਗੁਰੂ ਜੀ ਨੇ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ, ਕਿਉਂਕਿ ਤੁਸੀਂ ਗਰੀਬਾਂ ਦਾ ਲਹੂ ਪੀਂਦੇ ਹੋ। ਜੋਰ-ਜ਼ੁਲਮ ਕਰਕੇ ਰਿਸ਼ਵਤ ਆਦਿਕ ਲੈਣੀ ਗਰੀਬਾਂ ਦਾ ਲਹੂ ਪੀਣ ਦੇ ਬਰਾਬਰ ਹੈ।

10. **ਗੁਰੂ ਜੀ ਦੇ ਸਮਝਾਉਣ ਦਾ ਮਲਿਕ ਭਾਗੋ ਤੇ ਕੀ ਅਸਰ ਹੋਇਆ?**

ਮਲਿਕ ਭਾਗੋ ਰਿਸ਼ਵਤ ਦਾ ਸਾਰਾ ਪੈਸਾ ਗਰੀਬਾਂ ਵਿੱਚ ਵੰਡ ਕੇ ਗੁਰੂ ਜੀ ਦਾ ਸਿੱਖ ਬਣ ਗਿਆ।

11. **ਜਦ ਮਲਿਕ ਭਾਗੋ ਨੇ ਕਿਹਾ ਕਿ ਤੁਸੀਂ ਖੱਤਰੀ ਹੋ ਕੇ ਇਸ ਕੰਗਾਲ ਸ਼ੂਦਰ ਲਾਲੋ ਦੇ ਘਰੋਂ ਰੋਟੀ ਕਿਉਂ ਖਾਂਦੇ ਹੋ ਤਾਂ ਗੁਰੂ ਜੀ ਨੇ ਕੀ ਜੁਆਬ ਦਿਤਾ?**

ਗੁਰੂ ਜੀ ਨੇ ਕਿਹਾ ਭਾਈ ਲਾਲੋ ਹੱਕ ਦੀ ਕਮਾਈ ਕਰਦਾ ਹੈ, ਦਸਾਂ ਨਹੁੰਆਂ ਦੀ ਕਮਾਈ ਦੁੱਧ ਸਮਾਨ ਹੈ ਅਤੇ ਸਮਝਾਇਆ ਕਿ ਪ੍ਰਮਾਤਮਾ ਦੀ ਨਿਗ੍ਹਾ ਅੰਦਰ ਸਭ ਇਨਸਾਨ ਬਰਾਬਰ ਹਨ।

12. **ਜਦ ਗੁਰੂ ਜੀ ਨੇ ਮਰਦਾਨੇ ਨੂੰ ਵੈਸ਼ਨਵ ਸਾਧੂ ਕੋਲ ਅੱਗ ਲੈਣ ਭੇਜਿਆ ਤਾਂ ਸਾਧੂ ਬਲਦੇ ਚੌਂ ਨਾਲ ਮਰਦਾਨੇ ਨੂੰ ਮਾਰਨ ਲਈ ਪਿੱਛੇ ਕਿਉਂ ਦੌੜਿਆ ਸੀ?**

ਕਿਉਂਕਿ ਮਰਦਾਨਾ ਜੀ ਦਾ ਪਰਛਾਵਾਂ ਉਸ ਦੇ ਚੌਂਕੇਂ ਉੱਪਰ ਪੈ ਗਿਆ ਸੀ ਜਿਸ ਕਰਕੇ ਸਾਧੂ ਨੂੰ ਭਰਮ ਹੋ ਗਿਆ ਸੀ ਕਿ ਉਸ ਦਾ ਸਾਰਾ ਚੌਂਕਾਂ ਭਿਟਿਆ ਗਿਆ ਹੈ।

**13. ਜਦ ਪਾਖੰਡੀ ਸਾਧੂ ਗੁੱਸੇ ਵਿੱਚ ਮਰਦਾਨੇ ਦਾ ਪਿੱਛਾ ਕਰਦਾ ਗੁਰੂ ਜੀ ਕੋਲ ਪਹੁੰਚਿਆ ਤਾਂ ਗੁਰੂ ਜੀ ਨੇ ਉਸ ਨੂੰ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਭਾਈ ਪ੍ਰਮਾਤਮਾ ਇਹਨਾਂ ਬਾਹਰਲਿਆਂ ਚੌਂਕਿਆਂ ਉੱਤੇ ਨਹੀਂ ਰੀਝਦਾ। ਉਸਦੇ ਬਹਿਣ ਦੀ ਥਾਂ ਮਨੁੱਖ ਦਾ ਹਿਰਦਾ ਹੈ।

**14. ਹਰਿਦੁਆਰ ਵਿਖੇ ਜਦ ਗੁਰੂ ਜੀ ਨੇ ਚੜ੍ਹਦੇ ਦੀ ਬਜਾਏ ਲਹਿੰਦੇ ਵੱਲ ਪਾਣੀ ਦੇਣਾ ਸ਼ੁਰੂ ਕੀਤਾ, ਫਿਰ ਲੋਕਾਂ ਦੇ ਪੁੱਛਣ ਤੇ ਗੁਰੂ ਜੀ ਨੇ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਪਹਿਲਾਂ ਤਾਂ ਪੁੱਛਿਆ ਕਿ ਤੁਸੀਂ ਚੜ੍ਹਦੇ ਨੂੰ ਪਾਣੀ ਕਿਉਂ ਦੇ ਰਹੇ ਹੋ? ਜਦੋਂ ਲੋਕਾਂ ਨੇ ਕਿਹਾ ਅਸੀਂ ਸੂਰਜ ਨੂੰ ਪਾਣੀ ਦੇ ਰਹੇ ਹਾਂ ਤਾਂ ਗੁਰੂ ਜੀ ਨੇ ਕਿਹਾ ਅਸੀਂ ਆਪਣੇ ਪਿੰਡ ਤਲਵੰਡੀ ਦੇ ਖੇਤਾਂ ਨੂੰ ਪਾਣੀ ਦੇ ਰਹੇ ਹਾਂ।

**15. ਲੋਕਾਂ ਜਦ ਕਿਹਾ ਇਤਨੀ ਦੂਰ ਪਾਣੀ ਕਿਵੇਂ ਪਹੁੰਚ ਸਕਦਾ ਹੈ ਤਾਂ ਗੁਰੂ ਜੀ ਨੇ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ ਮੇਰਾ ਪਿੰਡ ਤਾਂ ਸੂਰਜ ਤੋਂ ਬਹੁਤ ਨੇੜੇ ਹੈ। ਜੇ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਹੈ ਤਾਂ ਮੇਰਾ ਪਾਣੀ ਤਲਵੰਡੀ ਕਿਉਂ ਨਹੀਂ ਪਹੁੰਚ ਸਕਦਾ?

**16. ਗੁਰੂ ਜੀ ਨੇ ਚੜ੍ਹਦੇ ਸੂਰਜ ਨੂੰ ਪਾਣੀ ਕਦੋਂ ਤੇ ਕਿੱਥੇ ਦਿੱਤਾ ਸੀ?**

ਗੁਰੂ ਜੀ ਨੇ 28 ਮਾਰਚ 1508 ਈਸਵੀ ਨੂੰ ਹਰਿਦੁਆਰ ਵਿਖੇ ਇਹ ਲੀਲਾ ਖੇਡੀ ਸੀ।

**17. ਜਦ ਗੁਰੂ ਜੀ ਮਰਦਾਨੇ ਨੂੰ ਕੌਡੇ ਭੀਲ ਤੋਂ ਛਡਾਉਣ ਲਈ ਗਏ ਤਾਂ ਗੁਰੂ ਜੀ ਨੇ ਕਿਹੜਾ ਹਥਿਆਰ ਲਿਆ ਜੋ ਭਿਆਨਕ ਖਤਰੇ ਦਾ ਟਾਕਰਾ ਕਰ ਸਕਦਾ?**

ਗੁਰੂ ਜੀ ਪਾਸ ਸਰਬ-ਵਿਆਪੀ ਖਾਲਕ ਦੀ ਯਾਦ ਰੂਪੀ ਹਥਿਆਰ ਅਤੇ ਉਸ ਦੀ ਖਲਕਤ ਨਾਲ ਪਿਆਰ ਤੇ ਹਮਦਰਦੀ ਦੀ ਢਾਲ ਸੀ।

**18. ਗੁਰੂ ਜੀ ਹਰਿਦੁਆਰ ਤੋਂ ਗੋਰਖ ਮਤੇ ਕਿਉਂ ਅਤੇ ਕਦੋਂ ਗਏ ਸਨ?**

ਗੁਰੂ ਜੀ ਅਪ੍ਰੈਲ 1508 ਈਸਵੀ ਨੂੰ ਗੋਰਖ ਮਤੇ ਗਏ ਸਨ ਕਿਉਂਕਿ ਗੋਰਖ ਮਤੇ ਦੇ ਗੁਆਂਢ ਪਹਾੜੀ ਰਾਜੇ ਚੰਡੀ ਦੇਵੀ ਅੱਗੇ ਮਨੁੱਖਾਂ ਦਾ ਬਲੀਦਾਨ ਦੇ ਦਿੰਦੇ ਸਨ। ਪਰ ਜੋਗੀ ਲੋਕਾਂ ਤੋਂ ਆਪਣੀ ਸੇਵਾ ਤਾਂ ਕਰਵਾ ਲੈਂਦੇ ਸਨ ਪਰ ਲੋਕਾਂ ਨੂੰ ਕੁਕਰਮਾਂ ਵਲੋਂ ਵਰਜਦੇ ਨਹੀਂ ਸਨ। ਸੋ ਗੁਰੂ ਜੀ ਲੋਕਾਂ ਨੂੰ ਇਸ ਬਿਪਤਾ ਤੋਂ ਬਚਾਉਣ ਖਾਤਰ ਉੱਥੇ ਪਹੁੰਚੇ ਸਨ।

**19. ਗੋਰਖ ਮਤੇ ਦੇ ਗੋਰਖ ਨਾਥ ਦੀ ਸੰਪ੍ਰਦਾਇ ਦੇ ਮੁਖੀਆਂ ਦੇ ਕੀ ਨਾਮ ਸਨ?**

ਲੰਗਰ ਨਾਥ ਤੇ ਭੰਗਰ ਨਾਥ ਮੁਖੀ ਜੋਗੀ ਸਨ।

**20. ਲੰਗਰ ਨਾਥ ਤੇ ਭੰਗਰ ਨਾਥ ਨਾਲ ਚਰਚਾ ਸਮੇਂ ਗੁਰੂ ਜੀ ਨੇ ਉਨ੍ਹਾਂ ਨੂੰ ਕੀ ਸਿਖਿਆ ਦਿੱਤੀ ਸੀ?**

ਗੁਰੂ ਜੀ ਨੇ ਸਮਝਾਇਆ ਕਿ ਪ੍ਰਮਾਤਮਾ ਦੀ ਖਲਕਤ ਵਲੋਂ ਕੋਰਾ-ਪਨ ਜੀਵਨ ਦਾ ਸਹੀ ਰਸਤਾ ਨਹੀਂ ਹੈ।

**21. ਗੋਰਖ ਮਤੇ ਦਾ ਨਾਂ ਨਾਨਕ ਮਤਾ ਕਿਵੇਂ ਬਣਿਆ?**

ਗੁਰੂ ਨਾਨਕ ਦੇਵ ਜੀ ਦੇ ਸਮਝਾਉਣ ਨਾਲ ਲੋਕਾਂ ਦੇ ਦਿਲਾਂ ਤੋਂ ਜੋਗੀਆਂ ਦਾ ਡਰ ਦੂਰ ਹੋ ਗਿਆ ਅਤੇ ਜੋਗੀਆਂ ਦੀ ਮਾਨਤਾ ਘੱਟਣ ਕਰ ਕੇ ਉਹ ਇੱਥੋਂ ਚਲੇ ਗਏ। ਗੁਰੂ ਨਾਨਕ ਨਾਮ ਲੇਵਾ ਸੰਗਤ ਨੇ ਉਥੇ ਸਤ-ਸੰਗ ਦਾ ਪ੍ਰਬੰਧ ਕਰ ਲਿਆ ਜੋ ਪ੍ਰਚਾਰ ਦਾ ਕੇਂਦਰ ਬਣ ਗਿਆ। ਇਸ ਤਰਾਂ ਇਸ ਦਾ ਨਾਮ ਨਾਨਕ ਮਤਾ ਪੈ ਗਿਆ।

**22. ਗੁਰੂ ਜੀ ਨੇ ਚੰਦ ਜਾਤ ਦੇ ਅਲਮੋੜਾ ਨਗਰ ਦੇ ਰਾਜੇ ਨੂੰ ਕੀ ਸਿਖਿਆ ਦਿਤੀ?**

ਗੁਰੂ ਜੀ ਨੇ ਰਾਜੇ ਨੂੰ ਸਮਝਾਇਆ ਕਿ ਪੱਥਰ ਦੀਆਂ ਮੂਰਤੀਆਂ ਅੱਗੇ ਪ੍ਰਦੇਸੀਆਂ ਦੇ ਸੀਸ ਭੇਟ ਕਰਨੇ ਅੱਤਿਆਚਾਰ ਹੈ। ਗੁਰੂ ਜੀ ਨੇ ਕਿਹਾ ਪ੍ਰਮਾਤਮਾ ਨੂੰ ਖੁਸ਼ ਕਰਨ ਲਈ ਉਸ ਦੀ ਬੰਦਗੀ ਕਰਨੀ ਬਣਦੀ ਹੈ।

**23. ਗੋਰਖ ਮਤੇ ਦੇ ਲੋਕਾਂ ਨੂੰ ਗੁਰੂ ਜੀ ਨੇ ਕੀ ਸਮਝਾਇਆ ਸੀ?**

ਗੁਰੂ ਜੀ ਨੇ ਕਿਹਾ ਪ੍ਰਮਾਤਮਾ ਦੀ ਖਲਕਤ ਵੱਲੋਂ ਕੋਰਾ-ਪਨ ਜੀਵਨ ਦਾ ਸਹੀ ਰਸਤਾ ਨਹੀਂ ਹੈ।

**24. ਗੋਰਖ ਮਤੇ ਦੇ ਜੋਗੀਆਂ ਨੇ ਜਦ ਗੁਰੂ ਜੀ ਤੋਂ ਕੁਝ ਖਾਣ ਲਈ ਮੰਗਿਆ ਤਾਂ ਗੁਰੂ ਜੀ ਨੇ ਕੀ ਖਾਣ ਲਈ ਦਿੱਤਾ ਸੀ?**

ਜਿਸ ਰੀਠੇ ਦੇ ਦਰਖਤ ਹੇਠ ਗੁਰੂ ਜੀ ਬੈਠੇ ਸਨ ਉਸ ਦੇ ਫਲ ਖਾਣ ਲਈ ਜੋਗੀਆਂ ਨੂੰ ਕਿਹਾ। ਕੁਦਰਤੀ ਖੇਡ ਨਾਲ ਰੀਠੇ ਮਿੱਠੇ ਨਿਕਲ ਆਏ।

**25. ਗੁਰੂ ਜੀ ਨੇ ਅਯੁਧਿਆ ਦੇ ਵਸਨੀਕਾਂ ਨੂੰ ਕੀ ਉਪਦੇਸ਼ ਦਿੱਤਾ?**

ਗੁਰੂ ਜੀ ਨੇ ਅਯੁਧਿਆ ਦੇ ਵਸਨੀਕਾਂ ਨੂੰ ਪੱਥਰਾਂ, ਮੂਰਤੀਆਂ ਅਤੇ ਪੌਦਿਆਂ ਦੀ ਪੂਜਾ ਤੋਂ ਵਰਜਿਆ ਤੇ ਇੱਕ ਪਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ।

**26. ਗੁਰੂ ਜੀ ਅਯੁਧਿਆ ਕਦੋਂ ਗਏ ਸਨ?**

ਅਕਤੂਬਰ 1508 ਈਸਵੀ ਵਿੱਚ।

**27. ਗੁਰੂ ਜੀ ਨੇ ਕਿਸ ਤ੍ਰਿਬੈਣੀ ਵਿੱਚ ਇਸ਼ਨਾਨ ਕਰਨ ਲਈ ਕਿਹਾ?**

ਗੁਰੂ ਜੀ ਨੇ ਕਿਹਾ ਪ੍ਰਮਾਤਮਾ ਦਾ ਨਾਮ ਹੀ ਸਭ ਤੋਂ ਉੱਤਮ ਤੀਰਥ ਹੈ। ਸਤਿਗੁਰੂ ਦੇ ਸ਼ਬਦ ਦਾ ਵੀਚਾਰ ਹੀ ਤੀਰਥ ਇਸ਼ਨਾਨ ਹੈ।

**28. ਬ੍ਰਾਹਮਣ ਨੇ ਕਾਸ਼ੀ ਵਿੱਚ ਕਰਵਤ ਬਾਰੇ ਲੋਕਾਂ ਵਿੱਚ ਕੀ ਭਰਮ ਪਾਇਆ ਹੋਇਆ ਸੀ?**

ਉਹ ਕਹਿੰਦੇ ਸਨ ਜੋ ਆਪਣੇ ਆਪ ਨੂੰ ਕਰਵਤ (ਆਰੇ) ਨਾਲ ਚਰਵਾਉਣ ਤੋਂ ਪਹਿਲਾਂ ਸਾਰਾ ਕੁਝ ਪੰਡਤਾਂ ਨੂੰ ਦਾਨ ਕਰਦਾ ਹੈ ਉਹ ਸ਼ਿਵ-ਲੋਕ ਵਿੱਚ ਪਹੁੰਚ ਜਾਂਦਾ ਹੈ।

**29. ਬ੍ਰਾਹਮਣ ਗੁਰੂ ਜੀ ਨੂੰ ਕੀ ਕਹਿ ਕੇ ਨਕਲੀ ਸਾਧ ਦੱਸਦੇ ਸਨ?**

ਕਿਉਂਕਿ ਗੁਰੂ ਜੀ ਕੋਲ ਸਾਲ ਗਰਾਮ ਤੇ ਤੁਲਸੀ ਦੀ ਮਾਲਾ ਨਹੀਂ ਸੀ।

**30. ਗੁਰੂ ਜੀ ਨੇ ਸਾਲ ਗਰਾਮ ਅਤੇ ਤੁਲਸੀ ਬਾਰੇ ਲੋਕਾਂ ਨੂੰ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਆਚਰਨ ਉਚਾ ਰੱਖੋ, ਵਿਕਾਰਾਂ ਤੋਂ ਬਚੋ ਇਹੀ ਮਨੱਖਾ ਜੀਵਨ ਦਾ ਸਹੀ ਰਸਤਾ ਹੈ। ਜੋ ਲੋਕ-ਪ੍ਰਲੋਕ ਸਵਾਰ ਸਕਦਾ ਹੈ।

**31. ਗੁਰੂ ਜੀ ਨੇ ਕਾਸ਼ੀ ਦੇ ਪੰਡਿਤਾਂ ਨਾਲ ਚਰਚਾ ਸਮੇਂ ਕੀ ਸਿਖਿਆ ਦਿੱਤੀ?**

ਗੁਰੂ ਜੀ ਨੇ ਸਮਝਾਇਆ ਕਿ ਮਾਇਆ ਦੇ ਬੰਧਨਾਂ ਤੋਂ ਮੁਕਤੀ ਦਾ ਇੱਕੋ-ਇਕ ਸਾਧਨ ਹੈ 'ਪ੍ਰਮਾਤਮਾ ਦੀ ਭਗਤੀ'।

**32. ਕਾਂਸ਼ੀ ਦੇ ਬ੍ਰਾਹਮਣਾਂ ਦੇ ਮੁਖੀ ਦਾ ਕੀ ਨਾਮ ਸੀ?**

ਪੰਡਿਤ ਚਤੁਰਦਾਸ।

**33. ਗੁਰੂ ਜੀ ਨੇ ਲੋਕ-ਪ੍ਰਲੋਕ ਵਿੱਚ ਕਿਸ ਦਾ ਸਹਾਰਾ ਲੈਣ ਲਈ ਕਿਹਾ?**

ਗੁਰੂ ਜੀ ਨੇ ਸਮਝਾਇਆ ਕਿ ਨਾਮ ਹੀ ਮਨੁਖ ਦੀ ਜਿੰਦਗੀ ਦਾ ਸਹਾਰਾ ਹੈ ਤੇ ਪ੍ਰਮਾਤਮਾ ਦਾ ਨਾਮ ਹੀ ਅਸਲੀ ਦੀਵਾ ਹੈ ਜੋ ਮਨੁੱਖੀ ਜਿੰਦਗੀ ਦੇ ਰਸਤੇ ਵਿੱਚ ਚਾਨਣ ਕਰਦਾ ਹੈ। ਪਿੱਤਰਾਂ ਨੂੰ ਮਰਨ ਤੋਂ ਬਾਅਦ ਭੇਜਿਆ ਖਾਣਾ ਨਹੀਂ ਮਿਲਦਾ ਸੋ ਉਨ੍ਹਾਂ ਦੇ ਜਿਉਂਦਿਆ ਜੀ ਸੇਵਾ ਕਰਨੀ ਬਣਦੀ ਹੈ।

**34. ਕੀ ਤੀਰਥ ਇਸ਼ਨਾਨ ਕਰਨ ਨਾਲ ਮਨ ਪਵਿੱਤਰ ਹੋ ਜਾਂਦਾ ਹੈ?**

ਨਹੀਂ ਜੀ। ਤੀਰਥ ਇਸ਼ਨਾਨ ਨਾਲ ਸਰੀਰ ਦੀ ਸਫਾਈ ਤਾਂ ਹੋ ਜਾਂਦੀ ਹੈ ਪਰ ਮਨ ਨਾਮ-ਬਾਣੀ ਨਾਲ ਪਵਿੱਤਰ ਹੁੰਦਾ ਹੈ।

**35. ਗੁਰੂ ਨਾਨਕ ਦੇਵ ਜੀ ਨੇ ਭਗਤ ਸੈਣ ਜੀ ਅਤੇ ਭਗਤ ਪੀਪਾ ਜੀ ਦੇ ਸ਼ਬਦ ਕਿਥੋਂ ਪ੍ਰਾਪਤ ਕੀਤੇ ਸਨ?**

ਗੁਰੂ ਜੀ ਨੇ ਭਗਤ ਸੈਣ ਜੀ ਅਤੇ ਭਗਤ ਪੀਪਾ ਜੀ ਦੇ ਸ਼ਬਦ ਬਨਾਰਸ ਤੋਂ ਪ੍ਰਾਪਤ ਕੀਤੇ ਸਨ।

**36. ਗੁਰੂ ਜੀ ਵੱਖ-ਵੱਖ ਪ੍ਰਾਂਤਾ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਆਪਣੀ ਗਲ ਸਮਝਾਉਣ ਵਿੱਚ ਕਿਵੇਂ ਸਫਲ ਹੋਏ?**

ਗੁਰੂ ਜੀ ਨੇ ਸੰਤ ਭਾਸ਼ਾ ਵਰਤੀ ਜੋ ਹਰੇਕ ਪ੍ਰਾਤ ਵਿੱਚ ਮਾੜੀ ਮੋਟੀ ਸਮਝੀ ਜਾ ਸਕਦੀ ਸੀ। ਦੂਜਾ ਗੁਰੂ ਜੀ ਦੋ ਢਾਈ ਮੀਲ ਪੈਂਡਾ ਰੋਜ ਕਰਦੇ ਸਨ ਅਤੇ ਬੋਲੀ ਦੇ ਨਵੇਂ ਨਵੇਂ ਸ਼ਬਦ ਸੁਣਨ ਨੂੰ ਮਿਲਦੇ ਸਨ। ਇਸ ਤਰ੍ਹਾਂ ਬੋਲੀ ਦਾ ਅਭਿਆਸ ਹੁੰਦਾ ਗਿਆ।

**37. ਬਿਹਾਰ, ਬੰਗਾਲ, ਆਸਾਮ, ਉੜੀਸਾ ਦੇ ਵਾਮ ਮਾਰਗ ਮੰਦਰਾਂ ਵਿੱਚ ਕੀ ਪ੍ਰਚਾਰ ਹੁੰਦਾ ਸੀ ਅਤੇ ਗੁਰੂ ਜੀ ਨੇ ਕੀ ਉਪਦੇਸ਼ ਦਿੱਤਾ?**

ਇਨ੍ਹਾਂ ਮੰਦਰਾਂ ਵਿੱਚ ਮਦਿਰਾ, ਮਾਸ ਮੈਥੁਨ ਦਾ ਪ੍ਰਚਾਰ ਸੀ। ਗੁਰੂ ਜੀ ਨੇ ਸ਼ੁੱਧ ਆਚਰਨ ਉਤੇ ਜੋਰ ਦਿੱਤਾ ਅਤੇ ਮਦਿਰਾ ਮਾਸ ਤੋਂ ਵਰਜਿਆ।

**38. ਗੁਰੂ ਨਾਨਕ ਦੇਵ ਜੀ ਨੇ ਭਗਤਾਂ ਦੀ ਬਾਣੀ ਦਾ ਉਤਾਰਾ ਕਿਉਂ ਕੀਤਾ?**

ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬ ਨਾਲ ਮੇਲ ਖਾਂਦੀ ਸੀ।

**39. ਗੁਰੂ ਜੀ ਜਗਨ ਨਾਥ ਪੁਰੀ ਕਦੋਂ ਪਹੁੰਚੇ ਸਨ?**

ਜੂਨ 1510 ਈਸਵੀ ਵਿੱਚ। (ਪ੍ਰੋ. ਸਾਹਿਬ ਸਿੰਘ ਮੁਤਾਬਿਕ)

**40. ਗੁਰੂ ਜੀ ਨੇ ਜਗਨ ਨਾਥ ਪੁਰੀ ਦੇ ਮੰਦਰਾਂ ਵਿੱਚ ਲੋਕਾਂ ਨੂੰ ਕੀ ਉਪਦੇਸ਼ ਦਿੱਤਾ?**

ਗੁਰੂ ਜੀ ਨੇ ਕਿਹਾ ਮੂਰਤੀ ਪੂਜਾ ਛੱਡ ਕੇ ਇੱਕ ਪਰਮਾਤਮਾ ਦਾ ਧਿਆਨ ਕਰੋ। ਮਨੁੱਖ ਦੀਆਂ ਬਣਾਈਆਂ ਮੂਰਤੀਆਂ ਜਗਤ ਦਾ ਨਾਥ ਨਹੀਂ ਹੋ ਸਕਦਾ। ਜਗਤ ਦਾ ਨਾਥ ਇੱਕੋ ਹੈ ਜਿਸ ਨੇ ਜਗਤ ਨੂੰ ਪੈਦਾ ਕੀਤਾ ਹੈ ਅਤੇ ਉਸ ਦੀ ਆਰਤੀ ਸਾਰੀ ਕੁਦਰਤ ਵਿੱਚ ਹੋ ਰਹੀ ਹੈ।

**41. ਅੱਖਾਂ, ਨੱਕ, ਕੰਨ ਬੰਦ ਕਰਕੇ ਸਮਾਧੀਆਂ ਲਾਉਣ ਬਾਰੇ ਗੁਰੂ ਜੀ ਦੀ ਕੀ ਵਿਚਾਰਧਾਰਾ ਹੈ?**

ਗੁਰੂ ਜੀ ਨੇ ਕਿਹਾ ਐਸੇ ਲੋਕਾਂ ਦਾ ਰਤਾ ਭਰ ਇਤਬਾਰ ਨਹੀਂ ਕਰਨਾ।

**42. ਜਗਨ ਨਾਥ ਪੁਰ ਜੋ ਕਲਯੁਗ ਨਾਮੀ ਸਮਾਧੀ ਲਾਈ ਬੈਠਾ ਸੀ ਉਸ ਉਪਰ ਗੁਰੂ ਜੀ ਦੇ ਉਪਦੇਸ਼ ਦਾ ਕੀ ਅਸਰ ਪਿਆ?**

ਉਹ ਸਾਰੇ ਪਾਖੰਡ ਛੱਡ ਕੇ ਗੁਰੂ ਜੀ ਦਾ ਸਿੱਖ ਬਣ ਗਿਆ।

**43. ਜੋ ਪਾਖੰਡੀ ਸਾਧ ਤਿੰਨਾਂ ਲੋਕਾਂ ਦੀ ਗੱਲ ਕਰਦਾ ਸੀ ਉਸ ਦੀ ਸਚਾਈ ਲੋਕਾਂ ਤੱਕ ਗੁਰੂ ਜੀ ਨੇ ਕਿਸ ਤਰ੍ਹਾਂ ਲਿਆਂਦੀ?**

ਗੁਰੂ ਜੀ ਨੇ ਉਸਦਾ ਲੋਟਾ ਉਸੇ ਦੇ ਪਿੱਛੇ ਛੁਪਾ ਦਿੱਤਾ ਅਤੇ ਜਦ ਪੰਡਤ ਨੂੰ ਆਪਣਾ ਲੋਟਾ ਨਾ ਦਿਸਿਆ ਤਾਂ ਉਸਦੇ ਗੁੱਸਾ ਕਰਨ ਤੇ ਗੁਰੂ ਜੀ ਨੇ ਕਿਹਾ ਤੂੰ ਤਾਂ ਤ੍ਰਿਲੋਕੀ ਦਾ ਗਿਆਨ ਰੱਖਦਾ ਹੈਂ ਫਿਰ ਤੈਨੂੰ ਆਪਣਾ ਲੋਟਾ ਨਜਰ ਕਿਉਂ ਨਹੀਂ ਆ ਰਿਹਾ?

**44. ਰਾਜਾ ਸ਼ਿਵਨਾਭ ਨੂੰ ਕਿਵੇਂ ਪਤਾ ਲੱਗਾ ਕਿ ਗੁਰੂ ਜੀ ਦੱਖਣ ਵੱਲ ਆ ਰਹੇ ਹਨ?**

ਭਾਈ ਮਨਸੁਖ ਜੀ ਜੋ ਕਿ ਵਿਉਪਾਰੀ ਸਨ ਅਤੇ ਉਹ ਰਾਜਾ ਸ਼ਿਭਨਾਭ ਪਾਸ ਜਾਂਦੇ ਰਹਿੰਦੇ ਸਨ ਅਤੇ ਉਨ੍ਹਾਂ ਨੇ ਹੀ ਰਾਜੇ ਨੂੰ ਦੱਸਿਆ ਕਿ ਗੁਰੂ ਜੀ ਸੰਘਲਾ ਦੀਪ ਆ ਰਹੇ ਹਨ।

**45. ਰਾਜਾ ਸ਼ਿਵਨਾਭ ਨੇ ਗੁਰੂ ਜੀ ਨੂੰ ਕਿਵੇਂ ਪਹਿਚਾਣਿਆ?**

ਰਾਜੇ ਨੇ ਮਨ ਮੋਹਨੀਆਂ ਇਸਤਰੀਆਂ ਗੁਰੂ ਜੀ ਨੂੰ ਭਰਮਾਉਣ ਲਈ ਭੇਜੀਆਂ ਸਨ। ਜਿਨ੍ਹਾਂ ਦਾ ਗੁਰੂ ਜੀ ਤੇ ਕੋਈ ਅਸਰ ਨਾ ਹੋਇਆ। ਇਸ ਤਰ੍ਹਾਂ ਰਾਜਾ ਸਮਝ ਗਿਆ ਕਿ ਇਹ ਗੁਰੂ ਨਾਨਕ ਦੇਵ ਜੀ ਹੀ ਹੋ ਸਕਦੇ ਹਨ।

**46. ਕੌਡਾ ਭੀਲ ਰਾਕਸ਼ ਕਿਵੇਂ ਬਣ ਗਿਆ?**

ਭੀਲ ਕਿਰਾਤ ਦ੍ਰਾਵਿੜੀ ਵੀ ਆਮ ਇਨਸਾਨ ਸੀ। ਪ੍ਰੰਤੂ ਆਰੀਆ ਲੋਕਾਂ ਨੇ ਉਨ੍ਹਾਂ ਤੋਂ ਅੰਨ-ਉਪਜਾਊ ਧਰਤੀ ਖੋਹ ਲਈ ਅਤੇ ਉਸ ਧਰਤੀ ਤੋਂ ਨਿਕਲਣ ਲਈ ਮਜਬੂਰ ਕਰ ਦਿੱਤਾ। ਸੋ ਇਸ ਤਰ੍ਹਾਂ ਭੁੱਖ ਤੇ ਮੌਤ ਦਾ ਟਾਕਰਾ ਕਰਦੇ ਹੋਏ ਉਹ ਆਰੀਅਨ ਲੋਕਾਂ ਨੂੰ ਮਾਰ ਕੇ ਉਨ੍ਹਾਂ ਦਾ ਮਾਸ ਖਾਣ ਲੱਗੇ। ਕਿਉਂਕਿ ਉਨ੍ਹਾਂ ਨੂੰ ਆਰੀਅਨ ਲੋਕਾਂ ਨਾਲ ਨਫਰਤ ਹੋ ਚੁੱਕੀ ਸੀ ਅਤੇ ਆਰੀਅਨ ਲੋਕ ਹੀ ਕੌਡੇ ਭੀਲ ਨੂੰ ਕੌਡਾ ਰਾਕਸ਼ ਕਹਿਣ ਲੱਗ ਪਏ ਸਨ।

**47. ਕੌਂਡਾ ਭੀਲ ਦੀ ਜਾਤੀ ਨੂੰ ਭੀਲ ਕਿਉਂ ਕਿਹਾ ਜਾਂਦਾ ਸੀ?**

ਕਿਉਂਕਿ ਦ੍ਰਾਵਿੜ ਭਾਸ਼ਾ ਵਿੱਚ ਕਮਾਨ ਨੂੰ ਭੀਲ ਕਹਿੰਦੇ ਹਨ ਅਤੇ ਇਹ ਲੋਕ ਤੀਰ ਕਮਾਨ ਦੇ ਬੜੇ ਉਸਤਾਦ ਸਨ।

**48. ਗੁਰੂ ਜੀ ਨੇ ਕੌਂਡੇ ਨੂੰ ਕਿਸ ਤਰ੍ਹਾਂ ਜ਼ੁਲਮ ਦਾ ਟਾਕਰਾ ਕਰਨਾ ਸਿਖਾਇਆ?**

ਗੁਰੂ ਜੀ ਨੇ ਉਸ ਨੂੰ ਸਾਊ ਸਮਾਜ ਦੇ ਅਨਿਆਇ ਭਰੇ ਸਲੂਕ ਦਾ ਮਰਦਾਂ ਵਾਂਗ ਟਾਕਰਾ ਕਰਨਾ ਸਿਖਾਇਆ ਅਤੇ ਆਦਮ-ਖੋਰੀ ਦੇ ਘੋਰ ਕੁਕਰਮ ਵਲੋਂ ਹਟਾਇਆ।

**49. ਪਾਲੀਪੁਰ ਦੇ ਜੋਗੀਆਂ ਨੇ ਗੁਰੂ ਸਾਹਿਬ ਨੂੰ ਨੀਵਾਂ ਦਿਖਾਉਣ ਖਾਤਰ ਕੀ ਢੰਗ ਵਰਤਿਆ ਸੀ?**

ਜੋਗੀਆਂ ਨੇ ਗੁਰੂ ਜੀ ਨੂੰ ਇੱਕ ਤਿਲ ਦਿਤਾ ਸੀ। ਉਨ੍ਹਾਂ ਦੀ ਭਾਵਨਾ ਸੀ ਕਿ ਗੁਰੂ ਜੀ ਵੰਡ ਕੇ ਛਕਣ ਦੀ ਗੱਲ ਕਰਦੇ ਹਨ, ਸੋ ਦੇਖਦੇ ਹਾਂ ਕਿ ਇਸ ਤਿਲ ਨੂੰ ਕਿਸ ਤਰ੍ਹਾਂ ਵੰਡ ਕੇ ਛਕਦੇ ਹਨ।

**50. ਗੁਰੂ ਨਾਨਕ ਦੇਵ ਜੀ ਨੇ ਉਸ ਤਿਲ ਨੂੰ ਕਿਸ ਤਰਾਂ ਵੰਡ ਕੇ ਛਕਾਇਆ?**

ਗੁਰੂ ਜੀ ਨੇ ਤਿਲ ਨੂੰ ਰਗੜ ਕੇ ਪਾਣੀ ਵਿੱਚ ਘੋਲ ਲਿਆ ਅਤੇ ਫਿਰ ਸਾਰਿਆਂ ਨੂੰ ਛਕਾਇਆ।

**51. ਜੋ ਲੋਕ ਆਪਣੇ ਬੁਰੇ ਕੰਮਾਂ ਦੀ ਜੁੰਮੇਵਾਰੀ ਦੂਜਿਆਂ ਤੇ ਥੋਪਦੇ ਹਨ ਉਨ੍ਹਾਂ ਬਾਰੇ ਗੁਰੂ ਜੀ ਕੀ ਵਿਚਾਰ ਦਿੰਦੇ ਹਨ?**

ਗੁਰੂ ਜੀ ਕਹਿੰਦੇ ਹਨ ਕਿ ਉਹ ਨੀਚਤਾ ਦੇ ਡੂੰਘੇ ਟੋਏ ਵਿੱਚ ਜਾ ਡਿੱਗੇ ਹਨ ਅਤੇ ਉਨ੍ਹਾਂ ਉਪਰ ਸਤਿਸੰਗ ਦਾ ਅਸਰ ਵੀ ਬਹੁਤ ਘੱਟ ਹੁੰਦਾ ਹੈ।

**52. ਔਰੰਗਾਬਾਦ ਦੇ ਲੋਕਾਂ ਨੂੰ ਗੁਰੂ ਜੀ ਨੇ ਕਿਸ ਗੱਲੋਂ ਵਰਜਿਆ ਅਤੇ ਕਿਸ ਵੱਲ ਪ੍ਰੇਰਿਆ?**

ਗੁਰੂ ਜੀ ਨੇ ਸ਼ਿਵ-ਲਿੰਗ ਦੀ ਪੂਜਾ ਤੋਂ ਹਟਾ ਕੇ ਪਰਮਾਤਮਾ ਦੀ ਭਗਤੀ ਵੱਲ ਪ੍ਰੇਰਿਆ।

**53. ਬੁਹਾਰਨ ਪੁਰ ਦੇ ਲੋਕ ਓਅੰਕਾਰ ਦੇ ਮੰਦਿਰ ਵਿਚ ਕਿਸ ਦੀ ਤੁਲਨਾ ਓਅੰਕਾਰ ਨਾਲ ਕਰਦੇ ਸਨ?**

ਬੁਹਾਰਨ ਪੁਰ ਦੇ ਲੋਕ ਸ਼ਿਵਲਿੰਗ ਨੂੰ ਹੀ ਓਅੰਕਾਰ ਮੰਨੀ ਬੈਠੇ ਸਨ।

**54. ਗੁਰੂ ਜੀ ਨੇ ਜੋ ਉਪਦੇਸ਼ ਓਅੰਕਾਰ ਦੇ ਪਾਂਡਿਆਂ ਨੂੰ ਕੀਤਾ ਉਹ ਕਿੱਥੇ ਦਰਜ ਹੈ?**

ਉਹ ਗੁਰੂ ਜੀ ਦੀ ਬਾਣੀ 'ਓਅੰਕਾਰ' ਵਿਚ ਦਰਜ ਹੈ। ਬਾਣੀ 'ਓਅੰਕਾਰ' ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਮਕਲੀ ਰਾਗ ਵਿੱਚ ਹੈ।(ਰਾਮਕਲੀ ਦੱਖਣੀ ਵਿੱਚ)

**55. ਗੁਰੂ ਜੀ ਨੇ ਅਜਮੇਰ ਦੇ ਮਰੀਦਾਂ ਅਤੇ ਮੁਜ਼ਾਵਰਾਂ ਨੂੰ ਕੀ ਉਪਦੇਸ਼ ਦਿੱਤਾ?**

ਗੁਰੂ ਜੀ ਨੇ ਉਹਨਾਂ ਨੂੰ ਰੋਜ਼ੇ ਮਕਬਰੇ ਪੂਜਣ ਤੋਂ ਵਰਜਿਆ ਅਤੇ ਇੱਕ ਖੁਦਾ ਦੀ ਬੰਦਗੀ ਵੱਲ ਪ੍ਰੇਰਿਆ।

**56. ਗੁਰੂ ਜੀ ਨੇ ਤੀਰਥਾਂ ਤੇ ਇਸ਼ਨਾਨ ਕਰਨ ਬਾਰੇ ਕੀ ਖਿਆਲ ਦਿੱਤੇ?**

ਗੁਰੂ ਜੀ ਨੇ ਸਮਝਾਇਆ ਕਿ ਤੀਰਥ ਤੇ ਇਸ਼ਨਾਨ ਕਰਨ ਨਾਲ ਸਰੀਰ ਦੀ ਮੈਲ ਉਤਰ ਸਕਦੀ ਹੈ ਮਨ ਦੀ ਨਹੀਂ। ਮਨ ਦੀ ਮੈਲ ਪ੍ਰਭੂ ਦੇ ਨਾਮ ਨਾਲ ਉਤਰਦੀ ਹੈ।

**57. ਜੋ ਕੌਮ ਆਪਣੇ ਭੇੜ ਦੂਜਿਆਂ ਤੇ ਸੁੱਟਣ ਲੱਗ ਪਏ ਉਸ ਬਾਰੇ ਗੁਰੂ ਜੀ ਕੀ ਵਿਚਾਰ ਦਿੰਦੇ ਹਨ?**

ਗੁਰੂ ਜੀ ਕਹਿੰਦੇ ਹਨ ਉਹ ਕੌਮ ਤਬਾਹੀ ਦੇ ਰਾਹ ਪੈ ਗਈ ਸਮਝੋ।

**58. ਗੁਰੂ ਜੀ ਨੇ ਕਲਯੁਗ ਬਾਰੇ ਆਪਣੇ ਕੀ ਖਿਆਲ ਦਿੱਤੇ?**

ਗੁਰੂ ਜੀ ਨੇ ਸਮਝਾਇਆ ਕਿ ਜਦ ਸੂਰਜ, ਚੰਦ, ਤਾਰੇ ਅਤੇ ਧਰਤੀ ਸਭ ਸਤਯੁਗ ਵਾਲੇ ਹੀ ਹਨ, ਫਿਰ ਕਲਜੁਗ ਕਿੱਥੋਂ ਆ ਗਿਆ। ਗੁਰੂ ਜੀ ਨੇ ਪੰਡਤਾਂ ਤੇ ਲੋਕਾਂ ਨੂੰ ਸਮਝਾਇਆ ਕਿ ਵਿਕਾਰੀ ਮਨੁੱਖ ਦਾ ਅਪਣਾ ਮਨ ਹੀ ਕਲਜੁਗ ਹੈ।

**59. ਪਿਹੋਵੇ ਦੇ ਤੀਰਥ ਉਪਰ ਦਾਨ ਕਰਨ ਦੀ ਕਹਾਣੀ ਦੱਸਦੀ ਹੈ ਕਿ ਇੱਕ ਰਾਤ ਵਿੱਚ ਇੱਕ ਕੰਨ ਦੀ ਵਾਲੀ ਤੀਰਥ ਜਲ ਵਿੱਚ ਡਿੱਗਣ ਨਾਲ ਰੱਥ ਦੇ ਪਹੀਏ ਜਿੱਡੀ ਹੋ ਗਈ, ਇਸ ਦਾ ਖੰਡਨ ਗੁਰੂ ਜੀ ਨੇ ਕਿਸ ਤਰ੍ਹਾਂ ਕੀਤਾ?**

ਗੁਰੂ ਜੀ ਨੇ ਪਾਂਡਿਆਂ ਨੂੰ ਕਿਹਾ ਜੇ ਦਾਨ ਪੁੰਨ ਇਸ ਤਰ੍ਹਾਂ ਵਧਦਾ ਹੈ ਤਾਂ ਫਿਰ ਤੁਹਾਡੀ ਠੱਗੀ, ਬੇ-ਇਮਾਨੀ ਵੀ ਇਸੇ ਤਰ੍ਹਾਂ ਹੀ ਵਧੇ ਫੁੱਲੇਗੀ। ਜੋ ਤੁਹਾਨੂੰ ਵੀ ਲੈ ਡੁੱਬੇਗੀ।

**60. ਸੂਰਜ ਗ੍ਰਹਿਣ ਵਾਲੇ ਦਿਨ ਪੰਡਤਾਂ ਨੇ ਗੁਰੂ ਜੀ ਦੇ ਘਰ ਰਿੱਝਦਾ ਪੱਕਦਾ ਵੇਖ ਕੇ ਗੁੱਸਾ ਕੀਤਾ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਵਹਿਮਾਂ ਭਰਮਾਂ ਵਿੱਚ ਫਸ ਕੇ ਭਟਕਣ ਦੀ ਥਾਂ ਪ੍ਰਮਾਤਮਾਂ ਦੀ ਬੰਦਗੀ ਅਤੇ ਖਲਕਤ ਦੀ ਸੇਵਾ ਕਰਨ ਦਾ ਰਸਤਾ ਅਪਣਾਉ। ਗ੍ਰਹਿਣ ਤਾਂ ਇੱਕ ਸਾਧਾਰਣ ਜਿਹੀ ਕੁਦਰਤੀ ਘਟਨਾ ਹੈ।

**61. ਦੁਨੀ ਚੰਦ ਖੱਤਰੀ (ਕਰੋੜੀ ਮੱਲ) ਗੁਰੂ ਜੀ ਦਾ ਵਿਰੋਧ ਕਿਉਂ ਕਰਦਾ ਸੀ?**

ਕਿਉਂਕਿ ਗੁਰੂ ਜੀ ਧਰਮ ਸਾਸਤ੍ਰਾਂ ਦੀਆਂ ਮੁੱਢ-ਕਦੀਮਾਂ ਦੀਆਂ ਰੀਤਾਂ ਰਸਮਾਂ ਦੀ ਨਿਖੇਧੀ ਕਰ ਰਹੇ ਸਨ ਅਤੇ ਗੁਰੂ ਜੀ ਇੱਕ ਨੀਵੀ ਜਾਤ ਦੇ ਮੁਸਲਮਾਨ ਮਿਰਾਸੀ ਨੂੰ ਤਕਰੀਬਨ ਨਾਲ ਰੱਖਦੇ ਸਨ।

**62. ਗੁਰੂ ਜੀ ਆਈਆਂ ਸੰਗਤਾਂ ਦੇ ਲੰਗਰ ਦਾ ਪ੍ਰਬੰਧ ਕਿਸ ਤਰਾਂ ਕਰਦੇ ਸਨ?**

ਗੁਰੂ ਜੀ ਖੁਦ ਖੇਤੀ-ਬਾੜੀ ਕਰਦੇ ਸਨ ਅਤੇ ਇਸ ਤਰ੍ਹਾਂ ਆਈ ਸੰਗਤ ਦੀ ਸੇਵਾ ਕਰਦੇ ਸਨ।

**63. ਗੁਰੂ ਜੀ ਨੇ ਪਹਿਲੀ ਉਦਾਸੀ ਸਮੇਂ ਕਿੰਨਾਂ ਪੈਂਡਾ ਤਹਿ ਕੀਤਾ ਸੀ?**

6462 ਮੀਲ। ਜੇਕਰ ਸੰਗਲਾਦੀਪ ਦਾ 400 ਮੀਲ ਪੈਂਡਾ ਵੀ ਗਿਣ ਲਿਆ ਜਾਵੇ ਤਾਂ 6862 ਮੀਲ ਬਣਦਾ ਹੈ ਜੋ 3015 ਦਿਨਾਂ ਵਿੱਚ ਤਹਿ ਕੀਤਾ ਸੀ।

**64. ਗੁਰੂ ਜੀ ਨੂੰ ਪਹਿਲੇ ਪ੍ਰਚਾਰ ਦੌਰੇ ਲਈ ਕਿੰਨਾਂ ਸਮਾਂ ਲੱਗਾ ਅਤੇ ਇਸ ਦੌਰਾਨ ਔਸਤਨ ਰੋਜ਼ ਕਿੰਨਾਂ ਪੈਡਾਂ ਤਹਿ ਕਰਦੇ ਸਨ?**

ਗੁਰੂ ਜੀ ਨੇ ਪਹਿਲਾ ਪ੍ਰਚਾਰ ਦੌਰਾ ਸਵਾ ਅੱਠ ਸਾਲ (3015 ਦਿਨ) ਵਿੱਚ ਪੂਰਾ ਕੀਤਾ। ਗੁਰੂ ਜੀ ਔਸਤਨ ਢਾਈ ਤਿੰਨ ਮੀਲ ਪੈਂਡਾ ਰੋਜ਼ ਤਹਿ ਕਰਦੇ ਸਨ।

**65. ਗੁਰੂ ਜੀ ਜਦ ਤਲਵੰਡੀ ਵਾਪਸ ਆਏ ਤਾਂ ਉਸ ਸਮੇਂ ਉਨ੍ਹਾਂ ਦੀ ਕੀ ਉਮਰ ਸੀ?**

ਉਸ ਸਮੇਂ ਗੁਰੂ ਜੀ ਪੌਣੇ ਸੰਤਾਲੀ ਸਾਲ ਦੇ ਸਨ।

**66. ਕਰਤਾਰ ਪੁਰ ਨਗਰ ਗੁਰੂ ਜੀ ਨੇ ਕਦੋ ਵਸਾਇਆ ਸੀ?**

ਗੁਰੂ ਜੀ ਨੇ 9 ਜਨਵਰੀ 1516 ਨੂੰ ਮੋੜ੍ਹੀ ਗੱਡ ਦਿੱਤੀ ਸੀ।

**67. ਗੁਰੂ ਜੀ ਆਪਣੇ ਸਹੁਰੇ ਪਿੰਡ ਕਿੱਥੇ ਠਹਿਰੇ ਸਨ ਜਿੱਥੇ ਉਨ੍ਹਾਂ ਦੀ ਪਤਨੀ ਅਤੇ ਸਹੁਰਾ ਪਰਿਵਾਰ ਆ ਕੇ ਮਿਲੇ ਸਨ?**

ਗੁਰੂ ਜੀ ਪੱਖੋ ਕੇ ਰੰਧਾਵੇ, ਚੌਧਰੀ ਅਜਿਤੇ ਦੇ ਖੂਹ ਤੇ ਠਹਿਰੇ ਸਨ ਅਤੇ ਉਥੇ ਹੀ ਮਾਤਾ ਸੁਲਖਣੀ ਜੀ, ਗੁਰੂ ਜੀ ਦੇ ਬੇਟੇ ਅਤੇ ਸਹੁਰਾ ਪਰਿਵਾਰ ਮਿਲਿਆ ਸੀ।

**68. ਗੁਰੂ ਜੀ ਨੇ ਭਗਤ ਨਾਮ ਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦੀ ਬਾਣੀ ਕਿੱਥੋਂ ਲਈ ਸੀ?**

ਗੁਰੂ ਜੀ ਨੇ ਭਗਤ ਨਾਮ ਦੇਵ ਜੀ ਦੀ ਬਾਣੀ ਪਾਂਧਰਪੁਰ ਅਤੇ ਭਗਤ ਤ੍ਰਿਲੋਚਨ ਜੀ ਦੀ ਬਾਣੀ ਬਾਰਸੀ ਤੋਂ ਲਈ ਸੀ।

**69. ਵਿਦਿਆ ਬਾਰੇ ਗੁਰੂ ਜੀ ਦੇ ਕੀ ਖਿਆਲ ਸਨ?**

ਵਿਦਿਆ ਮਨੁੱਖ ਦੇ ਜੀਵਨ ਦਾ ਸ਼ਿੰਗਾਰ ਹੈ, ਪਰ ਆਤਮਕ ਵਿਦਿਆ ਇਸ ਤੋਂ ਵੀ ਬਹੁਤ ਉੱਚੀ ਵਸਤ ਹੈ।

**70. ਗੁਰੂ ਜੀ ਨੇ ਜੈਨੀ ਸਾਧੂਆਂ ਨੂੰ ਕਿਸ ਤੋਂ ਵਰਜਿਆ?**

ਗੁਰੂ ਜੀ ਨੇ ਜੈਨੀ ਸਾਧੂਆਂ ਨੂੰ ਇਸ਼ਨਾਨ-ਹੀਣ ਕੁਚੀਲ ਜੀਵਨ ਵੱਲੋਂ ਵਰਜਿਆ।

**71. ਪੁਸ਼ਕਰ ਤੀਰਥ ਦੇ ਪਾਂਡੇ, ਪੁਸ਼ਕਰ ਦੇ ਇਸ਼ਨਾਨ ਬਾਰੇ ਕੀ ਕਥਨ ਕਰਦੇ ਸਨ?**

ਪਾਂਡਿਆਂ ਦੇ ਕਥਨ ਅਨੁਸਾਰ ਪੁਸ਼ਕਰ ਦੇ ਇਸ਼ਨਾਨ ਤੋਂ ਬਿਨਾਂ ਕਿਸੇ ਦੀ ਵੀ ਤੀਰਥ ਯਾਤਰਾ ਸਫਲ ਨਹੀਂ ਹੁੰਦੀ।

**72. ਗੁਰੂ ਜੀ ਜਦ ਮਥੁਰਾ ਤੋਂ ਦਿੱਲੀ ਪਹੁੰਚੇ, ਤਾਂ ਕਿਥੇ ਠਹਿਰੇ ਸਨ ਅਤੇ ਉਥੇ ਕਿਸ ਦਾ ਰਾਜ ਸੀ?**

ਗੁਰੂ ਜੀ ਜਮਨਾ ਨਦੀ ਦੇ ਕੰਢੇ ਤੇ ਮਜਨੂੰ ਦੇ ਟਿੱਲੇ ਠਹਿਰੇ ਸਨ। ਉਸ ਸਮੇ ਸਿਕੰਦਰ ਲੋਧੀ ਦਾ ਰਾਜ ਸੀ।

**73. ਗੁਰੂ ਜੀ ਨੇ ਕਰਤਾਰ ਪੁਰ ਵਸਾਉਣ ਲਈ ਸਭ ਤੋਂ ਪਹਿਲਾਂ ਕਿਸ ਨਾਲ ਗੱਲ ਕੀਤੀ ਸੀ?**

ਗੁਰੂ ਜੀ ਨੇ ਕਰਤਾਰ ਪੁਰ ਵਸਾਉਣ ਲਈ ਸਭ ਤੋਂ ਪਹਿਲਾਂ ਚੌਧਰੀ ਅਜਿੱਤੇ ਨਾਲ ਗੱਲ ਕੀਤੀ ਸੀ।

# ਦੂਜਾ ਪ੍ਰਚਾਰ ਦੌਰਾ

1. **ਪੀਰ ਹਮਜ਼ਾ ਗੌਂਸ ਦਾ ਭਰਮ ਦੂਰ ਕਰਨ ਲਈ ਕਿ ਇਹ ਪਿੰਡ ਝੂਠਿਆਂ ਦਾ ਹੈ, ਗੁਰੂ ਜੀ ਨੇ ਕੀ ਕੀਤਾ?**

   ਗੁਰੂ ਜੀ ਨੇ ਮਰਦਾਨੇ ਨੂੰ ਦੋ ਪੈਸੇ ਦੇ ਕੇ ਸ਼ਹਿਰ ਵਿੱਚੋਂ ਇੱਕ ਪੈਸੇ ਦਾ ਝੂਠ ਅਤੇ ਇੱਕ ਪੈਸੇ ਦਾ ਸੱਚ ਖਰੀਦਣ ਲਈ ਭੇਜਿਆ।

2. **ਜਦ ਮਰਦਾਨੇ ਨੇ ਭਾਈ ਮੂਲੇ ਤੋਂ ਇੱਕ ਪੈਸੇ ਦਾ ਸੱਚ ਤੇ ਇੱਕ ਪੈਸੇ ਦਾ ਝੂਠ ਮੰਗਿਆ ਤਾਂ ਮੂਲੇ ਨੇ ਕੀ ਜੁਆਬ ਦਿੱਤਾ?**

   ਭਾਈ ਮੂਲੇ ਨੇ ਲਿਖ ਕੇ ਭੇਜਿਆ ਕਿ ਮਰਨਾ ਸੱਚ, ਜਿਉਣਾ ਝੂਠ ਹੈ।

3. **ਗੁਰੂ ਜੀ ਨੇ ਪੀਰ ਹਮਜ਼ਾ ਗੌਂਸ ਨੂੰ ਕੀ ਸਮਝਾਇਆ?**

   ਗੁਰੂ ਜੀ ਨੇ ਸਮਝਾਇਆ ਕਿ ਕਿਸੇ ਇੱਕ ਦੀ ਗਲਤੀ ਦੀ ਸਜਾ ਸਾਰਿਆਂ ਨੂੰ ਨਹੀਂ ਦਿੱਤੀ ਜਾ ਸਕਦੀ।

4. **ਪੀਰ ਹਮਜ਼ਾ ਗੌਂਸ ਨੇ ਸਿਆਲ ਕੋਟ ਨੂੰ ਗਰਕ ਕਰਨ ਲਈ ਕੀ ਤਿਆਰੀ ਕੀਤੀ?**

   ਉਹ 40 ਦਿਨ ਵਰਤ ਰੱਖ ਕੇ ਇੱਕ ਗੁੰਬਦ ਵਿਚ ਬੈਠ ਗਿਆ।

5. **ਪੀਰ ਹਮਜ਼ਾ ਗੌਂਸ ਦਾ ਆਸਣ ਕਿਉਂ ਡੋਲ ਗਿਆ ਅਤੇ ਗੁਰੂ ਜੀ ਨੇ ਉਸ ਨੂੰ ਕੀ ਉਪਦੇਸ਼ ਕੀਤਾ?**

   ਗੁਰੂ ਜੀ ਨੇ ਪ੍ਰਮਾਤਮਾ ਦੀ ਸਿਫਤ ਸਾਲਾਹ ਵਿਚ ਸ਼ਬਦ ਗਾਉਣਾ ਸ਼ੁਰੂ ਕਰ ਦਿੱਤਾ ਜਿਸ ਕਰਕੇ ਪੀਰ ਦਾ ਆਸਣ ਡੋਲ ਗਿਆ। ਗੁਰੂ ਜੀ ਨੇ ਕਿਹਾ ਕਿ ਕਿਸੇ ਇੱਕ ਦੀ ਗਲਤੀ ਦੀ ਖਾਤਰ ਸਜ਼ਾ ਪ੍ਰਭੂ-ਪਿਤਾ ਦੇ ਦੂਸਰੇ ਬੱਚਿਆਂ ਨੂੰ ਦੇਣ ਨਾਲ ਪ੍ਰਭੂ-ਪਿਤਾ ਖੁਸ਼ ਨਹੀਂ ਹੋ ਸਕਦਾ।

6. **ਜਦ ਸਿਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਦੇਖਿਆ ਤਾਂ ਉਨ੍ਹਾਂ ਦੇ ਮਨ ਵਿੱਚ ਕੀ ਖਿਆਲ ਆਇਆ?**

   ਸਿਧਾਂ ਦੇ ਮਨ ਵਿੱਚ ਲਾਲਚ ਆਇਆ ਕਿ ਕਿਸੇ ਤਰਾਂ ਗੁਰੂ ਜੀ ਉਨ੍ਹਾਂ ਦਾ ਭੇਖ ਧਾਰਨ ਕਰ ਲੈਣ।

**7. ਸਿੱਧ ਕਿਸੇ ਨੂੰ ਵੱਸ ਵਿੱਚ ਕਰਨ ਲਈ ਕੀ ਹਥਿਆਰ ਵਰਤਦੇ ਸਨ?**

ਉਹ ਕਿਸੇ ਨੂੰ ਵੱਸ ਕਰਨ ਲਈ ਰਿਧੀਆਂ-ਸਿਧੀਆਂ ਵਰਤਦੇ ਸਨ।

**8. ਜਦ ਗੁਰੂ ਜੀ ਨੂੰ ਸਿੱਧਾਂ ਨੇ ਪਾਣੀ ਲੈਣ ਲਈ ਭੇਜਿਆ ਅਤੇ ਉਥੇ ਪਹੁੰਚ ਕੇ ਗੁਰੂ ਜੀ ਨੇ ਪਾਣੀ ਦੀ ਥਾਂ ਹੀਰੇ, ਲਾਲ, ਰਤਨ ਦੇਖੇ ਤਾਂ ਗੁਰੂ ਜੀ ਨੇ ਉਨ੍ਹਾਂ ਦਾ ਕੀ ਕੀਤਾ?**

ਸਿੱਧਾਂ ਦੇ ਹੀਰੇ ਲਾਲਾਂ ਵੱਲ ਗੁਰੂ ਜੀ ਨੇ ਤੱਕਿਆ ਵੀ ਨਾ ਤੇ ਖੱਪਰ ਖਾਲੀ ਲੈ ਕੇ ਵਾਪਸ ਆ ਗਏ ਤੇ ਕਿਹਾ ਕਿ ਉੱਥੇ ਪਾਣੀ ਨਹੀਂ ਹੈ।

**9. ਸਿੱਧ ਗੁਰੂ ਜੀ ਨੂੰ ਆਪਣੇ ਭੇਖ ਅੰਦਰ ਕਿਉਂ ਲਿਆਉਣਾ ਚਾਹੁੰਦੇ ਸਨ?**

ਉਨ੍ਹਾਂ ਦਾ ਵਿਚਾਰ ਸੀ ਅਗਰ ਗੁਰੂ ਜੀ ਉਨ੍ਹਾਂ ਦੇ ਨਾਲ ਆ ਜਾਂਦੇ ਹਨ ਤਾਂ ਉਨ੍ਹਾਂ ਦਾ ਪੰਥ ਬਹੁਤ ਵਧੇ-ਫੁਲੇਗਾ।

**10. ਸਿੱਧਾਂ ਵੱਲੋਂ ਗੁਰੂ ਜੀ ਤੋਂ ਮਾਤ ਲੋਕ ਦਾ ਹਾਲ ਪੁਛਣ ਤੇ ਗੁਰੂ ਜੀ ਨੇ ਕੀ ਜੁਆਬ ਦਿੱਤਾ ਸੀ?**

ਗੁਰੂ ਜੀ ਨੇ ਕਿਹਾ ਉਥੇ ਕੂੜ ਦਾ ਹਨੇਰਾ ਵਰਤ ਰਿਹਾ ਹੈ, ਸੋ ਮੈ ਸੱਚ ਦਾ ਚੰਦਰਮਾਂ ਭਾਲਣ ਆਇਆ ਹਾਂ। ਧਾਰਮਿਕ ਬਿਰਤੀ ਵਾਲੇ ਸਿੱਧ ਤਾਂ ਪਰਬਤਾਂ ਵਿੱਚ ਲੁਕ ਬੈਠੇ ਹਨ ਸੋ ਮਾਤ ਲੋਕ ਦਾ ਪਾਰ ਉਤਾਰਾ ਕੌਣ ਕਰੇਗਾ।

**11. ਗੁਰੂ ਜੀ ਨੇ ਸਿੱਧ ਮੰਡਲੀ ਨੂੰ ਕਿਵੇਂ ਜਿੱਤਿਆ ਸੀ?**

ਗੁਰੂ ਜੀ ਨੇ ਸ਼ਬਦ ਰਾਹੀਂ ਸਿੱਧ-ਮੰਡਲੀ ਨੂੰ ਜਿੱਤਿਆ ਸੀ।

**12. ਸਿਧਾਂ ਦੇ ਹੀਰੇ, ਲਾਲ, ਰਤਨ ਵਾਲੀ ਸਾਖੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?**

ਇਸ ਸਾਖੀ ਤੋਂ ਸਿੱਖਿਆ ਮਿਲਦੀ ਹੈ ਕਿ :

1. ਰਿਧੀਆਂ ਸਿਧੀਆਂ ਦੇ ਹੰਕਾਰ ਵਿੱਚ ਨਹੀ ਫਸਣਾ ਚਾਹੀਦਾ।

2. ਸਾਨੂੰ ਆਪਣੇ ਮੁਖ ਮੰਤਵ ਵੱਲ ਧਿਆਨ ਦੇਣਾ ਚਾਹੀਦਾ ਹੈ।

3. ਲਾਲਚ ਵਿੱਚ ਆ ਕੇ ਅਸਲ ਮੰਤਵ ਨੂੰ ਭੁੱਲਣਾ ਨਹੀਂ ਚਾਹੀਦਾ।

**13. ਜਦ ਸਿੱਧਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਤੁਹਾਨੂੰ ਕਿਹੜੀ ਸ਼ਕਤੀ ਇੱਥੇ ਲਿਆਈ ਹੈ ਤਾਂ ਗੁਰੂ ਜੀ ਨੇ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ ਮੈਂ ਪ੍ਰੇਮਾ ਭਗਤੀ ਨਾਲ ਪ੍ਰਭੂ ਦਾ ਨਾਮ ਜਪਿਆ ਹੈ। ਉਹੀ ਮੇਰੀ ਸ਼ਕਤੀ ਹੈ।

**14. ਗੁਰੂ ਜੀ ਵੈਸ਼ਨੂੰ ਦੇਵੀ ਦੇ ਪਹਾੜ ਉਪਰ ਕਿਸ ਵਾਸਤੇ ਗਏ ਸੀ?**

ਵੈਸ਼ਨੂੰ ਦੇਵੀ ਦੇ ਦਰਸ਼ਨਾਂ ਨੂੰ ਜਾ ਰਹੇ ਲੋਕਾਂ ਨੂੰ ਪ੍ਰਮਾਤਮਾ ਦੀ ਅਸਲੀ ਭਗਤੀ ਦੇ ਰਾਹ ਉੱਤੇ ਤੋਰਨ ਲਈ।

# ਤੀਜਾ ਪ੍ਰਚਾਰ ਦੌਰਾ

1. **ਮੁਸਲਮਾਨ ਅਪਣੀ ਰੁਹਾਨੀਅਤ ਦਾ ਸੋਮਾ ਕਿਸ ਨੂੰ ਸਮਝਦੇ ਸਨ?**

ਮੁਸਲਮਾਨ ਮੱਕੇ ਨੂੰ ਆਪਣੀ ਰੁਹਾਨੀਅਤ ਦਾ ਸੋਮਾ ਸਮਝਦੇ ਸਨ।

2. **ਮੱਕੇ ਵਿਚ ਕਾਜ਼ੀਆਂ ਨੇ ਜਦੋਂ ਗੁਰੂ ਜੀ ਨੂੰ ਟੰਗੋ ਪਕੜ ਕੇ ਘੜੀਸਿਆਂ ਤਾਂ ਗੁਰੂ ਜੀ ਦਾ ਕੀ ਪ੍ਰਤੀਕਰਮ ਸੀ?**

ਗੁਰੂ ਜੀ ਉਸੇ ਤਰ੍ਹਾਂ ਲੇਟੇ ਰਹੇ ਅਤੇ ਬੜੇ ਠਰ੍ਹੰਮੇ ਨਾਲ ਆਖਿਆ ਕਿ ਜਿਧਰ ਰੱਬ ਦਾ ਘਰ ਨਹੀਂ ਮੇਰੇ ਪੈਰ ਉਧਰ ਕਰ ਦਿਉ।

3. **ਜਦ ਗੁਰੂ ਜੀ ਨੇ ਕਿਹਾ ਕਿ ਜਿਧਰ ਰੱਬ ਦਾ ਘਰ ਨਹੀਂ ਮੇਰੇ ਪੈਰ ਉਧਰ ਕਰ ਦਿਉ ਤਾਂ ਕਾਜੀ ਜਿਉਣ ਨੇ ਕੀ ਵਰਤਾਰਾ ਕੀਤਾ?**

ਉਹ ਪੂਰੇ ਗੁੱਸੇ ਵਿੱਚ ਆ ਗਿਆ ਅਤੇ ਗੁਰੂ ਜੀ ਨੂੰ ਟੰਗੋ ਫੜ ਕੇ ਘੜੀਸਿਆ ਤੇ ਲੱਤ ਵੀ ਮਾਰੀ ਸੀ।

4. **ਮੱਕੇ ਦੇ ਕਾਜੀਆਂ ਦੇ ਗੁੱਸਾ ਕਰਨ ਤੇ ਗੁਰੂ ਜੀ ਨੇ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ ਕਿ ਤੂੰ ਮੇਰੇ ਪੈਰ ਉਸ ਪਾਸੇ ਕਰ ਦੇ ਜਿਧਰ ਖ਼ੁਦਾ ਦਾ ਘਰ ਨਹੀਂ ਹੈ।

5. **ਗੁਰੂ ਜੀ ਦਾ ਜੁਆਬ ਸੁਣਨ ਤੋਂ ਬਾਅਦ ਜਿਉਣ ਕਾਜੀ ਨੇ ਕੀ ਮਹਿਸੂਸ ਕੀਤਾ?**

ਉਸ ਨੇ ਮਹਿਸੂਸ ਕੀਤਾ ਕਿ ਖ਼ੁਦਾ ਦਾ ਘਰ ਤਾਂ ਸਾਰੇ ਪਾਸੇ ਹੀ ਹੈ।

6. **ਗੁਰੂ ਜੀ ਨਾਲ ਗੋਸ਼ਟੀ ਕਰਦੇ ਪੜ੍ਹੇ-ਲਿਖੇ ਮੁਸਲਮਾਨਾਂ ਨੇ ਗੁਰੂ ਜੀ ਨੂੰ ਕੀ ਸਵਾਲ ਕੀਤਾ ਸੀ?**

ਉਨ੍ਹਾਂ ਗੁਰੂ ਜੀ ਨੂੰ ਕਿਹਾ ਆਪਣੀ ਕਿਤਾਬ ਖੋਲ ਕੇ ਦੱਸਣਾ ਕਰੋ ਕਿ ਮੁਸਲਮਾਨ ਵੱਡਾ ਹੈ ਕਿ ਹਿੰਦੂ।

7. **ਪੜ੍ਹੇ-ਲਿਖੇ ਮੁਸਲਮਾਨਾਂ ਦੇ ਸੁਆਲ ਦਾ ਗੁਰੂ ਜੀ ਨੇ ਕੀ ਜੁਆਬ ਦਿੱਤਾ ਸੀ?**

ਗੁਰੂ ਜੀ ਨੇ ਜੁਆਬ ਵਿੱਚ ਕਿਹਾ ਸ਼ੁਭ ਅਮਲਾਂ ਤੋਂ ਜੋ ਵੀ ਖਾਲੀ ਹੈ ਉਸਦੇ ਪੱਲੇ ਰੋਣਾ-ਧੋਣਾ ਹੀ ਹੈ ਭਾਵੇਂ ਉਹ ਮੁਸਲਮਾਨ ਹੋਵੇ ਜਾਂ ਹਿੰਦੂ।

8. **ਗੁਰੂ ਜੀ ਨੇ ਫਰੀਦ ਜੀ ਦੀ ਬਾਣੀ ਕਿਸ ਤੋਂ ਅਤੇ ਕਿੱਥੋਂ ਲਈ?**

ਗੁਰੂ ਜੀ ਨੇ ਸ਼ੇਖ ਬ੍ਰਹਮ ਜੀ ਤੋਂ ਬਾਬਾ ਫਰੀਦ ਜੀ ਦੀ ਬਾਣੀ ਪਾਕ ਪਟਨ ਤੋਂ ਪ੍ਰਾਪਤ ਕੀਤੀ ਸੀ।

9. **ਬਾਬਾ ਫਰੀਦ ਜੀ ਦੀ ਗੱਦੀ ਉੱਪਰ ਉਸ ਸਮੇਂ ਕੌਣ ਸਨ?**

ਉਸ ਸਮੇਂ ਸ਼ੇਖ ਬ੍ਰਹਮ ਜੀ ਉਨ੍ਹਾਂ ਦੀ ਗੱਦੀ ਉਪਰ ਬਿਰਾਜਮਾਨ ਸਨ ਜੋ ਕਿ ਉਨ੍ਹਾਂ ਦੇ ਖਾਨਦਾਨ ਵਿੱਚੋਂ ਹੀ ਗਿਆਰਵੇਂ ਥਾਂ ਸਨ।

10. **ਗੁਰੂ ਜੀ ਨੇ ਸਾਰੇ ਗੁਣਾ ਦਾ ਸੋਮਾਂ ਜਾਂ ਸੱਭ ਚੰਗਿਆਈਆਂ ਦਾ ਤੱਤ ਕੀ ਦੱਸਿਆ ਹੈ?**

ਨਿਮ੍ਰਤਾ ਅਤੇ ਮਿਠਾਸ ਨੂੰ ਗੁਰੂ ਜੀ ਨੇ ਸਭ ਚੰਗਿਆਈਆਂ ਦਾ ਤੱਤ-ਸਾਰ ਦੱਸਿਆ ਹੈ।

11. **ਸੱਜਣ ਕਿਥੋਂ ਦਾ ਰਹਿਣ ਵਾਲਾ ਸੀ?**

ਸੱਜਣ ਤੁਲੰਭੇ ਪਿੰਡ ਦਾ ਰਹਿਣ ਵਾਲਾ ਸੀ।

12. **ਜਦ ਸੱਜਣ ਨੇ ਗੁਰੂ ਜੀ ਦੇ ਸਰੀਰ ਕਰਕੇ ਦਰਸ਼ਨ ਕੀਤੇ ਤਾਂ ਉਸਦੇ ਮਨ ਵਿੱਚ ਕੀ ਖਿਆਲ ਆਇਆ ਸੀ?**

ਉਸ ਦੇ ਮਨ ਵਿੱਚ ਖਿਆਲ ਆਇਆ ਕਿ ਕਾਫੀ ਧਨਾਢ ਪੁਰਸ਼ ਹੈ ਸੋ ਇਸ ਨੂੰ ਮਾਰ ਕੇ ਕਾਫੀ ਧੰਨ ਪ੍ਰਾਪਤ ਹੋਵੇਗਾ।

13. **ਸੱਜਣ ਦੀ ਸੋਚ ਕਿਵੇਂ ਬਦਲੀ?**

ਗੁਰੂ ਜੀ ਦਾ ਕੀਰਤਨ ਸੁਣ ਕੇ ਉਸ ਦੀ ਸੋਚ ਬਦਲ ਗਈ।

14. **ਗੁਰੂ ਜੀ ਨੇ ਸੱਜਣ ਨੂੰ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਦੁਬਾਰਾ ਤੋਂ ਜ਼ਿੰਦਗੀ ਉਥੋਂ ਹੀ ਸ਼ੁਰੂ ਕਰਨੀ ਹੈ ਜਿਥੋਂ ਉਹ ਕੁਰਾਹੇ ਪਿਆ ਸੀ।

15. **ਸੱਜਣ ਨੇ ਠੱਗੀ ਦੇ ਧੰਨ ਦਾ ਕੀ ਕੀਤਾ?**

ਸੱਜਣ ਨੇ ਜੋ ਧੰਨ ਠੱਗੀ ਨਾਲ ਕਮਾਇਆ ਸੀ ਉਹ ਸਭ ਗਰੀਬਾਂ ਵਿੱਚ ਵੰਡ ਦਿੱਤਾ।

16. **ਗੁਰੂ ਜੀ ਨੇ ਜਦ ਰਾਸਧਾਰੀਆਂ ਦਾ ਲੋਟਾ ਲੱਭ ਦਿੱਤਾ ਤਾਂ ਲੋਕਾਂ ਉਪਰ ਇਸ ਦਾ ਕੀ ਅਸਰ ਹੋਇਆ?**

ਜੋਗੀ ਲੋਕਾਂ ਉਪਰ ਦਬਾਉ ਪਾਉਣਾ ਚਾਹੁੰਦੇ ਸਨ ਪਰ ਲੋਕਾਂ ਉਪਰ ਇਸ ਦਾ ਉਲਟਾ ਅਸਰ ਹੋਇਆ।

17. **ਰੱਬ ਦੇ ਹੁਕਮ ਤੋਂ ਉਲਟ ਲੋਕਾਂ ਉੱਤੇ ਦਬਾਅ ਪਾਉਣ ਵਾਲੀਆਂ ਕਰਾਮਾਤਾਂ ਨੂੰ ਗੁਰੂ ਜੀ ਨੇ ਕੀ ਦੱਸਿਆ ਹੈ?**

ਗੁਰੂ ਜੀ ਨੇ ਇਸ ਨੂੰ ਬੱਦਲਾਂ ਦੀ ਛਾਂ ਵਾਂਗ ਦੱਸਿਆ।

18. **ਸਿੱਧਾਂ ਨਾਲ ਵਿਚਾਰ ਚਰਚਾ ਨੂੰ ਗੁਰੂ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਿਸ ਸਿਰਲੇਖ ਹੇਠ ਦਰਜ਼ ਕੀਤਾ?**

ਗੁਰੂ ਜੀ ਨੇ 'ਸਿਧ ਗੋਸਟਿ' ਸਿਰਲੇਖ ਹੇਠ ਸਿਧਾਂ ਨਾਲ ਹੋਈ ਗੋਸਟੀ ਦਰਜ ਕੀਤੀ ਹੈ।

19. **ਤੀਜੀ ਉਦਾਸੀ ਤੋਂ ਬਾਅਦ ਗੁਰੂ ਜੀ ਨੇ ਉਦਾਸੀ ਕੱਪੜੇ ਕਿਉਂ ਉਤਾਰ ਦਿੱਤੇ ਸਨ?**

ਗੁਰੂ ਜੀ ਨੇ ਉਦਾਸੀ ਕੱਪੜੇ ਉਤਾਰ ਦਿੱਤੇ ਕਿਉਂਕਿ ਉਦਾਸੀਆ ਦੇ ਲੰਮੇ ਪੈਂਡਿਆਂ ਵਿਚ ਤਾਂ ਇਹ ਜ਼ਰੂਰੀ ਸੀ ਕਿ ਘੱਟ ਤੋਂ ਘੱਟ ਸਾਮਾਨ ਨਾਲ ਰੱਖਿਆ ਜਾਵੇ। ਸੋ ਬਾਅਦ ਵਿੱਚ ਇਸ ਦੀ ਜਰੂਰਤ ਨਹੀਂ ਸੀ।

20. **ਗੁਰੂ ਜੀ ਜਦ ਮੱਕੇ ਤੋਂ ਮਦੀਨੇ ਗਏ ਕੀ ਉਸ ਸਮੇਂ ਵੀ ਸਵੇਰੇ-ਸ਼ਾਮ ਕੀਰਤਨ ਕਰਦੇ ਸਨ?**

ਨਹੀਂ ਜੀ। ਕਿਉਕਿ ਉਸ ਸਮੇਂ ਹਾਜੀਆਂ ਦੇ ਕਾਫਲੇ ਨਾਲ ਚਲ ਰਹੇ ਸਨ ਸੋ ਉਸ ਸਮੇਂ ਕੀਰਤਨ ਬੰਦ ਕਰਨਾ ਪਿਆ।

21. **ਜਦ ਗੁਰੂ ਜੀ ਨੇ ਰਾਗ ਵਿਚ ਕੀਰਤਨ ਕੀਤਾ ਤਾਂ ਰਾਗ ਨੂੰ ਹਰਾਮ ਕਹਿਣ ਵਾਲਿਆਂ ਨੇ ਕੀ ਮਹਿਸੂਸ ਕੀਤਾ?**

ਉਨ੍ਹਾਂ ਨੂੰ ਯਕੀਨ ਆ ਗਿਆ ਕਿ ਰਾਗ ਹਰਾਮ ਨਹੀਂ ਹੈ। ਰਾਗ ਤੋਂ ਨਹੀ ਬਲਕਿ ਗੰਦੇ ਗੀਤਾ ਤੋਂ ਸੰਕੋਚ ਕਰਨਾ ਹੈ।

**22. ਗੁਰੂ ਜੀ ਨੇ ਬਗਦਾਦ ਪਹੁੰਚਣ ਤੋਂ ਪਹਿਲਾਂ ਅਪਣੇ ਸਫਰ ਦੀ ਚਾਲ ਢਿੱਲੀ ਕਿਉਂ ਕੀਤੀ?**

ਗੁਰੂ ਜੀ ਨੇ ਚਾਲ ਨੂੰ ਢਿੱਲਾ ਇਸ ਕਰਕੇ ਕੀਤਾ ਤਾਂ ਕਿ ਜਿਸ ਸਚਾਈ ਨੂੰ ਪੀਰ ਦਸਤਗੀਰ ਨੇ ਸਿਰ-ਮੱਥੇ ਮੰਨਿਆ, ਉਸ ਸੱਚਾਈ ਨੂੰ ਵੱਧ ਤੋਂ ਵੱਧ ਮੁਸਲਮਾਨਾਂ ਤੱਕ ਅਪੜਾਇਆ ਜਾਵੇ।

**23. ਬਗਦਾਦ ਦੇ ਲੋਕਾਂ ਲਈ ਗੁਰੂ ਜੀ ਨੂੰ ਖੂਹ ਕਿਉਂ ਲਵਾਉਣਾ ਪਿਆ?**

ਬਗਦਾਦ ਦਾ ਸਾਰਾ ਪਾਣੀ ਖਾਰਾ ਹੋਣ ਕਰਕੇ ਗੁਰੂ ਜੀ ਨੇ ਖੂਹ ਲਵਾਇਆ ਜਿਸ ਦਾ ਪਾਣੀ ਮਿੱਠਾ ਨਿਕਲਿਆ ਅਤੇ ਹੁਣ ਵੀ ਉਸ ਖੂਹ ਦਾ ਪਾਣੀ ਮਿੱਠਾ ਹੈ।

**24. ਬਗਦਾਦ ਤੋਂ ਅੱਗੇ ਰਸਤੇ ਵਿੱਚ ਆਉਂਦੇ ਪਿੰਡਾਂ ਦੇ ਮੁਸਲਮਾਨਾਂ ਨੂੰ ਗੁਰੂ ਜੀ ਨੇ ਕੀ ਸਮਝਾਇਆ ਸੀ?**

1) ਖੁਦਾ ਹਰ ਥਾਂ ਮੌਜੂਦ ਹੈ।

2) ਰਾਗ ਹਰਾਮ ਨਹੀਂ। ਰਾਗ ਨਾਲ ਗੰਦੇ ਗੀਤ ਰਲਾ ਕੇ ਗਾਉਣ ਨਾਲ ਜੀਵਨ ਵਿਗੜਦੇ ਹਨ।

3) ਬੇਅੰਤ ਖੁਦਾ ਦੀ ਰਚੀ ਕੁਦਰਤ ਵੀ ਬੇਅੰਤ ਹੈ।

**25. ਗੁਰੂ ਜੀ ਨੇ ਵਲੀ ਕੰਧਾਰੀ ਨੂੰ ਕੀ ਉਪਦੇਸ਼ ਦਿੱਤਾ?**

ਗੁਰੂ ਜੀ ਨੇ ਵਲੀ ਕੰਧਾਰੀ ਨੂੰ ਸਮਝਾਇਆ ਕਿ ਖਾਲਕ ਦੀ ਖਲਕਤ ਨੂੰ ਦੁਖੀ ਕਰਕੇ ਅਤੇ ਨਮਾਜ਼ਾਂ ਪੜ ਕੇ ਉਸ ਨੂੰ ਖੁਸ਼ ਨਹੀਂ ਕੀਤਾ ਜਾ ਸਕਦਾ।

**26. ਗੁਰੂ ਜੀ ਹਸਨ ਅਬਦਾਲ ਕਦੋਂ ਪਹੁੰਚੇ ਸਨ?**

ਗੁਰੂ ਜੀ ਹਸਨ ਅਬਦਾਲ 1521 ਵਿੱਚ ਪਹੁੰਚੇ ਸਨ।

**27. ਜਦ 1521 ਵਿੱਚ ਬਾਬਰ ਨੇ ਸਿਅਲਕੋਟ ਤੇ ਹਮਲਾ ਕੀਤਾ ਤਾਂ ਲੋਕਾਂ ਨੇ ਸ਼ਹਿਰ ਬਚਾਉਣ ਲਈ ਕੀ ਕੀਤਾ?**

ਉੱਥੇ ਦੇ ਹਾਕਮਾਂ ਤੇ ਲੋਕਾਂ ਨੇ ਈਨ ਮੰਨ ਲਈ ਜਿਸ ਕਰਕੇ ਸ਼ਹਿਰ ਉਜੜਨ ਤੋਂ ਬਚ ਗਿਆ।

**28. ਵਲੀ ਕੰਧਾਰੀ ਕੌਣ ਸੀ?**

ਵਲੀ ਕੰਧਾਰੀ ਹਸਨ ਅਬਦਾਲ ਦਾ ਰਹਿਣ ਵਾਲਾ ਸੀ ਅਤੇ ਰਿਧੀਆਂ ਸਿਧੀਆਂ ਨਾਲ ਲੋਕਾਂ ਤੋਂ ਵਰਾਂ ਸਰਾਪਾਂ ਦੁਆਰਾ ਆਪਣੀ ਪੂਜਾ ਕਰਵਾਉਂਦਾ ਸੀ। ਜਿਸ ਕਰਕੇ ਉਹ ਹੰਕਾਰੀ ਹੋ ਚੁੱਕਾ ਸੀ।

**29. ਡਿੰਗਾ ਨਗਰ ਦਾ ਜੋਗੀ ਜਦ ਚਲੀਹਾ ਕੱਟ ਕੇ ਬਾਹਰ ਆਇਆ ਅਤੇ ਉਸ ਨੂੰ ਕੋਈ ਨਾ ਦਿਸਣ ਕਾਰਨ ਉਸ ਤੇ ਕੀ ਬੀਤੀ?**

ਜੋਗੀ ਗਸ਼ ਖਾ ਕੇ ਡਿੱਗ ਪਿਆ।

**30. ਗੁਰੂ ਜੀ ਨੇ ਡਿੰਗਾ ਦੇ ਜੋਗੀ ਨੂੰ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਤੂੰ ਰੋਟੀ ਦੀ ਜਗ੍ਹਾ ਲੋਕਾਂ ਦੀ ਵਾਹ-ਵਾਹ ਤੋਂ ਖੁਰਾਕ ਲੈਂਦਾ ਸੀ। ਜਿਸ ਦਾ ਕੋਈ ਫਾਇਦਾ ਨਹੀਂ ਸੋ ਪ੍ਰਮਾਤਮਾ ਦੀ ਸਿਫਤ ਸਲਾਹ ਨਾਲ ਜੁੜਨਾ ਕਰ ਤਾਂ ਕਿ ਤੇਰੀ ਸੁਰਤ ਉੱਚੀ ਹੋ ਸਕੇ।

**31. ਐਮਨਾਬਾਦ ਦੇ ਲੋਕਾਂ ਨੇ ਬਾਬਰ ਦਾ ਮੁਕਾਬਲਾ ਕਿਵੇਂ ਕੀਤਾ?**

ਹਾਕਮਾਂ ਨੇ ਸ਼ਹਿਰ ਬਚਾਉਣ ਲਈ ਫੌਜੀ ਤਿਆਰੀ ਕਰਨ ਦੀ ਬਜਾਏ ਬਹੁਤ ਸਾਰੇ ਮੌਲਾਣਿਆਂ ਤੋਂ ਕਲਮਾਂ ਪੜ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਰਕੇ ਬਾਬਰ ਨੇ ਸਹਿਜੇ ਹੀ ਐਮਨਾਬਾਦ ਨੂੰ ਕਬਜੇ ਵਿੱਚ ਕਰ ਲਿਆ ਅਤੇ ਪਲਾਂ ਵਿੱਚ ਹੀ ਸ਼ਹਿਰ ਤਬਾਹ ਕਰ ਦਿੱਤਾ।

**32. ਐਮਨਾਬਾਦ ਦਾ ਪੁਰਾਣਾ ਨਾਮ ਕੀ ਸੀ?**

ਐਮਨਾਬਾਦ ਦਾ ਪੁਰਾਣਾ ਨਾਮ ਸੈਦਪੁਰ ਸੀ।

**33. ਬਾਬਰ ਨੇ ਕੈਦੀਆਂ ਨੂੰ ਕੀ ਸਜ਼ਾ ਸੁਣਾਈ ਸੀ?**

ਬਾਬਰ ਨੇ ਕੈਦੀਆਂ ਨੂੰ ਆਟਾ ਪੀਸਣ ਲਈ ਚੱਕੀਆਂ ਦਿੱਤੀਆਂ ਸਨ, ਜਿਸ ਨਾਲ ਉਹ ਡਾਢੇ ਦੁੱਖੀ ਹੋਏ ਸਨ।

**34. ਗੁਰੂ ਜੀ ਨੂੰ ਜਦ ਚੱਕੀ ਪੀਹਣ ਲਈ ਦਿੱਤੀ ਤਾਂ ਇਹ ਕਾਰ ਗੁਰੂ ਜੀ ਨੇ ਕਿਸ ਤਰ੍ਹਾਂ ਨਿਭਾਈ ਸੀ?**

ਗੁਰੂ ਜੀ ਪੂਰੇ ਜਿਗਰੇ ਤੇ ਗੰਭੀਰਤਾ ਨਾਲ ਕੈਦੀਆਂ ਵਾਲੀ ਕਾਰ ਰੱਬੀ ਰਜ਼ਾ ਜਾਣ ਕੇ ਕਰਦੇ ਰਹੇ ਸਨ।

35. **ਜਦ ਗੁਰੂ ਜੀ ਬਾਬਰ ਦੀ ਕੈਦ ਵਿੱਚ ਸਨ ਤਾਂ ਉਸ ਸਮੇਂ ਉਨ੍ਹਾਂ ਦਾ ਕੀ ਲਿਬਾਸ ਸੀ?**

ਉਸ ਸਮੇਂ ਗੁਰੂ ਜੀ ਹਾਜੀਆਂ ਵਾਲੇ ਫਕੀਰੀ ਬਾਣੇ ਵਿੱਚ ਹੀ ਸਨ।

36. **ਜਦ ਬਾਬਰ ਗੁਰੂ ਜੀ ਕੋਲ ਆਇਆ ਤਾਂ ਗੁਰੂ ਜੀ ਨੇ ਕੀ ਸਮਝਾਇਆ?**

ਗੁਰੂ ਜੀ ਨੇ ਉਸ ਨੂੰ ਨਿਰਭੈਤਾ ਨਾਲ ਇਨਸਾਨੀਅਤ ਦਾ ਰਸਤਾ ਸਮਝਾਇਆ।

37. **ਗੁਰੂ ਜੀ ਦੇ ਸਮਝਾਉਣ ਦਾ ਬਾਬਰ ਤੇ ਕੀ ਅਸਰ ਹੋਇਆ ਸੀ?**

ਉਸ ਨੇ ਸਾਰੇ ਕੈਦੀ ਛੱਡ ਦਿੱਤੇ ਸਨ।

38. **ਐਮਨਾਬਾਦ ਦੀ ਧਰਤੀ ਉਪਰ ਗੁਰੂ ਜੀ ਨੇ ਕਿਹੜਾ ਸ਼ਬਦ ਉਚਾਰਨ ਕੀਤਾ?**

'ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ।।'

39. **ਕੀ ਗੁਰੂ ਸਾਹਿਬ ਨੇ ਆਪਣੇ ਵੱਲੋਂ ਪ੍ਰਭੂ ਤੇ ਰੋਸ ਪ੍ਰਗਟ ਕੀਤਾ ਸੀ?**

ਨਹੀਂ ਜੀ। ਗੁਰੂ ਸਾਹਿਬ ਤਾਂ ਰੱਬੀ ਰਜ਼ਾ ਵਿੱਚ ਸਨ। ਇਹ ਬੋਲ ਲੋਕਾਂ ਦੇ ਸਨ ਜੋ ਗੁਰੂ ਜੀ ਨੇ ਕਲਮਬੰਦ ਕੀਤੇ ਸਨ।

40. **ਇਸ ਸ਼ਬਦ ਅੰਦਰ ਗੁਰੂ ਜੀ ਨੇ ਆਪਣਾ ਕੀ ਖਿਆਲ ਦਿੱਤਾ ਹੈ?**

ਗੁਰੂ ਸਾਹਿਬ ਦੀ ਆਪਣੀ ਵਿਚਾਰਧਾਰਾ ਰਹਾਉ ਦੇ ਬੰਧ ਵਿੱਚ ਹੈ *"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ"* ਭਾਵ ਜੇ ਤਕੜਾ ਤਕੜੇ ਨੂੰ ਮਾਰਦਾ ਤਾਂ ਇਨ੍ਹਾਂ ਦੇ ਮਨ ਅੰਦਰ ਕੋਈ ਰੋਸ ਨਹੀ ਸੀ ਹੋਣਾ।

41. **ਸੈਦਪੁਰ ਦੇ ਉਜੜੇ ਅਤੇ ਸਹਿਮੇ ਲੋਕਾਂ ਲਈ ਗੁਰੂ ਜੀ ਨੇ ਕੀ ਕੀਤਾ?**

ਗੁਰੂ ਜੀ ਨੇ ਕੀਰਤਨ ਰਾਹੀਂ ਉਨ੍ਹਾਂ ਨੂੰ ਮਾਲਕ ਦੀ ਰਜ਼ਾ ਵਿਚ ਰਜ਼ਾਮੰਦ ਹੋਣ ਦੀ ਜਾਚ ਸਿਖਾਈ, ਜਿਸ ਪ੍ਰਭੂ ਨੇ ਇਹ ਦੁੱਖ ਭਰੀ ਖੇਡ ਰਚਾਈ ਸੀ।

42. **ਗੁਰੂ ਜੀ ਨੇ ਤੀਜਾ ਪ੍ਰਚਾਰ ਦੌਰਾ ਕਿਤਨੇ ਸਮੇਂ ਵਿੱਚ ਮੁਕਾਇਆ ਸੀ?**

ਗੁਰੂ ਜੀ ਨੇ ਦਸੰਬਰ 1518 ਤੋਂ ਨਵੰਬਰ 1521 ਤੱਕ ਤਿੰਨ ਸਾਲ ਵਿੱਚ ਇਹ ਪ੍ਰਚਾਰ ਦੌਰਾ ਖਤਮ ਕੀਤਾ ਸੀ।

## ਕਰਤਾਰ ਪੁਰ (ਸੰਨ 1521– ਸੰਨ 1539 ਤੱਕ)

1. **ਗੁਰੂ ਜੀ ਨੇ ਪ੍ਰਚਾਰ ਲਈ ਤਲਵੰਡੀ ਦੀ ਬਜਾਏ ਕਰਤਾਰ ਪੁਰ ਕਿਉਂ ਚੁਣਿਆ?**

   ਗੁਰੂ ਜੀ ਨੇ ਕਰਤਾਰ ਪੁਰ ਇਸ ਕਰਕੇ ਚੁਣਿਆਂ ਕਿ ਸਤਸੰਗ ਦਾ ਘੇਰਾ ਵਧ–ਫੁੱਲ ਸਕੇ ਅਤੇ ਵੱਧ ਤੋਂ ਵੱਧ ਗਰੀਬ ਤੇ ਲਤਾੜੇ ਹੋਏ ਲੋਕਾਂ ਨੂੰ ਥੰਮ ਸਕਣ।

2. **ਕੀ ਗੁਰੂ ਜੀ ਤੀਜੇ ਪ੍ਰਚਾਰ ਦੌਰੇ ਤੋਂ ਬਾਅਦ ਸਾਰਾ ਸਮਾਂ ਕਰਤਾਰ ਪੁਰ ਹੀ ਟਿਕੇ ਰਹੇ ਸਨ?**

   ਗੁਰੂ ਜੀ ਕਰਤਾਰ ਪੁਰ ਰਹੇ ਪਰ ਉਹ ਲਾਗੇ ਬੰਨੇ ਦੋ–ਢਾਈ ਸੋ ਮੀਲ ਤੱਕ ਪਿੰਡਾਂ ਸ਼ਹਿਰਾਂ ਵਿੱਚ ਪ੍ਰਚਾਰ ਲਈ ਆਉਂਦੇ ਜਾਂਦੇ ਰਹਿੰਦੇ ਸਨ।

3. **ਗੁਰੂ ਜੀ ਅਚੱਲ ਕਦੋਂ ਗਏ ਸਨ?**

   ਮਾਰਚ 1530 ਈਸਵੀ ਨੂੰ।

4. **ਜੋਗੀਆਂ ਨੇ ਰਾਸ–ਧਾਰੀਆਂ ਦਾ ਲੋਟਾ ਕਿਉਂ ਲੁਕਾਇਆ ਸੀ?**

   ਲੋਕਾਂ ਉਪਰ ਆਪਣਾ ਦਬਾਅ ਪਾਉਣ ਖਾਤਰ।

5. **ਗੁਰੂ ਜੀ ਨੇ ਕਿਸ ਤਰਾਂ ਜੋਗੀਆਂ ਦੀ ਜੁਗਤ ਫੇਲ੍ਹ ਕੀਤੀ ਸੀ?**

   ਗੁਰੂ ਜੀ ਨੇ ਰਾਸ–ਧਾਰੀਆਂ ਦਾ ਲੋਟਾ ਮਾਇਆ ਸਮੇਤ ਲੱਭ ਦਿੱਤਾ।

6. **ਜੋਗੀਆਂ ਦੀ ਇਸ ਕਰਾਮਾਤ ਦਾ ਲੋਕਾਂ ਤੇ ਕੀ ਅਸਰ ਹੋਇਆ?**

   ਜਦ ਗੁਰੂ ਜੀ ਨੇ ਲੋਟਾ ਲੱਭ ਦਿੱਤਾ ਤਾਂ ਜੋਗੀਆਂ ਤੇ ਇਸ ਦਾ ਉਲਟ ਅਸਰ ਹੋਇਆ।

7. **ਜਦ ਜੋਗੀਆਂ ਨੇ ਗੁਰੂ ਜੀ ਨਾਲ ਗੋਸ਼ਟੀ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਪਹਿਲਾ ਪ੍ਰਸ਼ਨ ਕੀ ਕੀਤਾ?**

   ਉਨ੍ਹਾਂ ਗੁਰੂ ਜੀ ਨੂੰ ਕਿਹਾ ਤੁਸੀਂ ਫਕੀਰੀ ਧਾਰਨ ਤੋਂ ਬਾਅਦ ਫਿਰ ਗ੍ਰਹਿਸਤੀ ਬਣਨ ਦਾ ਕੋਝਾ ਕੰਮ ਕੀਤਾ ਹੈ, ਜੋ ਕਿ ਦੁੱਧ ਵਿੱਚ ਕਾਂਜੀ ਮਿਲਾਉਣ ਵਾਲੀ ਗੱਲ ਹੈ।

8. **ਦੁੱਧ ਵਿੱਚ ਕਾਂਜੀ ਮਿਲਾਉਣ ਦੀ ਗੱਲ ਕਿਸ ਜੋਗੀ ਨੇ ਕੀਤੀ ਸੀ?**

ਜੋਗੀ ਭੰਗਰ ਨਾਥ ਨੇ।

9. **ਜੋਗੀਆਂ ਦੀ "ਦੁੱਧ ਵਿੱਚ ਕਾਂਜੀ" ਵਾਲੀ ਗੱਲ ਦਾ ਗੁਰੂ ਜੀ ਨੇ ਕੀ ਜੁਆਬ ਦਿੱਤਾ ਸੀ?**

ਗੁਰੂ ਜੀ ਨੇ ਕਿਹਾ ਕਿ ਗ੍ਰਹਿਸਤ ਛੱਡ ਕੇ ਫਿਰ ਗ੍ਰਹਿਸਤੀਆਂ ਦੇ ਘਰੀਂ ਹੀ ਰੋਟੀ ਵਾਸਤੇ ਰੁਲਦੇ ਫਿਰਨਾ ਹਾਸੋ-ਹੀਣੀ ਫਕੀਰੀ ਹੈ।

10 **ਜੋਗੀਆਂ ਦੇ ਕਹਿਣ ਤੇ ਗੁਰੂ ਜੀ ਨੇ ਕੀ ਕਰਾਮਾਤ ਵਿਖਾਈ ਸੀ?**

ਗੁਰੂ ਜੀ ਨੇ ਕਿਹਾ ਪ੍ਰਮਾਤਮਾ ਦਾ ਨਾਮ ਹਿਰਦੇ ਵਿੱਚ ਵਸਾਉਣਾ ਹੀ ਸਭ ਤੋਂ ਵੱਡੀ ਕਰਾਮਾਤ ਹੈ। ਰੱਬੀ ਨਾਮ ਤੋਂ ਸੁੰਞੇ ਰਹਿ ਕੇ ਲੋਕਾਂ ਤੇ ਦਬਾਉ ਪਾਉਣ ਵਾਲੀ ਕਰਾਮਾਤ ਤਾਂ ਬੱਦਲਾਂ ਦੀ ਛਾਂ ਵਾਂਗ ਹੈ।

11. **ਮੁਸਲਮਾਨ ਵੀਰ ਮੁਰਦੇ ਨੂੰ ਦੱਬਦੇ ਅਤੇ ਹਿੰਦੂ ਵੀਰ ਸਾੜਦੇ ਹਨ, ਕਿਉਂ?**

ਜਿਹੜੇ ਦੇਸ਼ਾਂ ਵਿਚ ਇਸਲਾਮ ਜੰਮਿਆਂ ਸੀ ਉਥੇ ਰੇਤ ਹੀ ਰੇਤ ਸੀ, ਉਥੇ ਨਾ ਪਾਣੀ ਤੇ ਨਾ ਕੋਈ ਜੰਗਲ ਸੀ, ਲੱਕੜਾਂ ਦੀ ਘਾਟ ਹੋਣ ਕਰਕੇ ਮੁਰਦੇ ਨੂੰ ਦੱਬਣਾ ਪੈਂਦਾ ਸੀ। ਪਰ ਹਿੰਦੁਸਤਾਨ ਵਿਚ ਲੱਕੜਾਂ ਦੀ ਕੋਈ ਘਾਟ ਨਹੀ ਸੀ, ਇਸ ਵਾਸਤੇ ਹਿੰਦੂ ਵੀਰ ਮੁਰਦੇ ਨੂੰ ਸਾੜਿਆ ਕਰਦੇ ਸਨ।

12. **ਸਿੱਖ ਧਰਮ ਅਨੁਸਾਰ ਮੁਰਦੇ ਦੀ ਸੰਭਾਲ ਕਿਸ ਤਰ੍ਹਾਂ ਕਰਦੇ ਹਨ?**

ਜੋ ਢੰਗ ਸੋਖਾ ਅਤੇ ਸਸਤਾ ਹੋਵੇ ਅਪਣਾ ਲੈਣਾ ਚਾਹੀਦਾ ਹੈ। ਅੱਗ ਜਾਂ ਬਿਜਲੀ ਨਾਲ ਵੀ ਸਸਕਾਰ ਕੀਤਾ ਜਾ ਸਕਦਾ ਹੈ ਅਤੇ ਪਾਣੀ ਵਿੱਚ ਵੀ ਰੋੜ੍ਹਿਆ ਜਾ ਸਕਦਾ ਹੈ।

13. **ਮੁਲਤਾਨ ਦੇ ਪੀਰਾਂ ਨੇ ਜੋ ਦੁੱਧ ਦਾ ਕਟੋਰਾ ਭਰ ਕੇ ਗੁਰੂ ਜੀ ਦੇ ਪੇਸ਼ ਕੀਤਾ, ਉਸਦਾ ਕੀ ਮਤਲਬ ਸੀ?**

ਉਨ੍ਹਾਂ ਦਾ ਖਿਆਲ ਸੀ ਕਿ ਸਾਡਾ ਮਤ ਦੁੱਧ ਵਰਗਾ ਚਿੱਟਾ ਬੇਦਾਗ ਜੀਵਨ ਜਿਉਣ ਦੀ ਜਾਂਚ ਸਿਖਾਂਉਦਾ ਹੈ।

**14. ਗੁਰੂ ਜੀ ਨੇ ਦੁੱਧ ਦੇ ਕਟੋਰੇ ਦਾ ਕੀ ਕੀਤਾ ਸੀ?**

ਗੁਰੂ ਜੀ ਨੇ ਦੁੱਧ ਵਿੱਚ ਚੰਬੇਲੀ ਮਿਲਾ ਦਿੱਤੀ ਜਿਸ ਦਾ ਭਾਵ ਸੀ ਸਾਨੂੰ ਲੋਕਾਈ ਵਿੱਚ ਮਿਲ ਕੇ ਰਹਿਣਾ ਚਾਹੀਦਾ ਹੈ ਅਤੇ ਚੰਬੇਲੀ ਵਾਂਗ ਆਪਣੀ ਖੁਸ਼ਬੂ ਖਿਲਾਰਨੀ ਚਾਹੀਦੀ ਹੈ। ਭਾਵ ਦੁਨੀਆਂ ਵਿੱਚ ਰਹਿੰਦੇ ਹੋਏ ਮਾਇਆ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ।

**15. ਗੁਰੂ ਜੀ ਨੇ ਮੁਲਤਾਨ ਦੇ ਪੀਰਾਂ ਨੂੰ ਕੀ ਸਿਖਿਆ ਦਿੱਤੀ ਸੀ?**

ਗੁਰੂ ਜੀ ਨੇ ਸਮਝਾਇਆ ਕਿ ਜਿਵੇ ਗੰਗਾ ਨੇ ਸਮੁੰਦਰ ਵਿਚ ਪਹੁੰਚ ਕੇ ਆਪਾ-ਭਾਵ ਮਿਟਾਇਆ ਹੈ, ਉਸੇ ਤਰ੍ਹਾਂ ਖ਼ਾਲਕ ਵਿਚ ਪਹੁੰਚ ਕੇ 'ਤੂੰ ਹੀ ਤੂੰ, ਤੂੰ ਹੀ ਤੂੰ' ਹੋ ਜਾਣਾ ਚਾਹੀਦਾ ਹੈ।

**16. ਮੁਲਤਾਨ ਦੇ ਪੀਰਾਂ ਨੇ ਗੁਰੂ ਜੀ ਬਾਰੇ ਕੀ ਕਿਹਾ?**

ਉਨ੍ਹਾਂ ਕਿਹਾ "ਧੰਨੁ ਨਾਨਕ ਤੇਰੀ ਵਡੀ ਕਮਾਈ"।

**17. ਮੂਲਾ ਸਤ-ਸੰਗ ਵਿੱਚ ਗੁਰੂ ਜੀ ਨੂੰ ਮਿਲਣ ਕਿਉਂ ਨਹੀਂ ਆਇਆ ਸੀ?**

ਕਿਉਂਕਿ ਉਹ ਮਾਇਆ ਵਿੱਚ ਗ੍ਰਿਹਸਥਿਆ ਹੋਣ ਕਰਕੇ ਸਮਝਦਾ ਸੀ ਕਿ ਸਤ-ਸੰਗ ਤਾਂ ਵਿਹਲੜਾਂ ਦਾ ਕੰਮ ਹੈ।

**18. ਮੂਲੇ ਦੀ ਮੌਤ ਤੇ ਗੁਰੂ ਜੀ ਨੇ ਉਥੋ ਦੇ ਲੋਕਾਂ ਨੂੰ ਕੀ ਸਿੱਖਿਆ ਦਿੱਤੀ ਸੀ?**

ਗੁਰੂ ਜੀ ਨੇ ਸਮਝਾਇਆ ਕਿ ਮਾਇਆ ਪ੍ਰਮਾਤਮਾ ਨਾਲੋਂ ਦੂਰ ਕਰ ਦੇਂਦੀ ਹੈ। ਦਰਗਾਹੀ ਸੱਦਾ ਆਉਣ ਤੇ ਮਨੁੱਖ ਅਗਾਂਹ ਨੂੰ ਤੁਰ ਪੈਂਦਾ ਹੈ ਅਤੇ ਮਾਇਆ ਇੱਥੇ ਹੀ ਰਹਿ ਜਾਂਦੀ ਹੈ।

**19. ਮੂਲੇ ਦੀ ਮੌਤ ਕਿਸ ਤਰ੍ਹਾਂ ਹੋਈ ਸੀ?**

ਮਰਦਾਨੇ ਨੂੰ ਦੇਖ ਕੇ ਮੂਲਾ ਅੰਦਰ ਲੁਕ ਗਿਆ ਤਾਂ ਸੱਪ ਨੇ ਉਸ ਨੂੰ ਡੰਗ ਲਿਆ ਜਿਸ ਕਰਕੇ ਮੂਲੇ ਦੀ ਮੌਤ ਹੋ ਗਈ।

**20. ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਸਭ ਤੋਂ ਪਹਿਲਾਂ ਕਦੋਂ ਅਤੇ ਕਿਸ ਤੋਂ ਸੁਣੀ ਸੀ?**

ਸੰਨ 1532 ਈਸਵੀ ਵਿੱਚ ਭਾਈ ਜੋਧ ਜੀ ਤੋਂ।

**21. ਭਾਈ ਜੋਧ ਜੀ ਤੋਂ ਗੁਰਬਾਣੀ ਸੁਣ ਕੇ ਭਾਈ ਲਹਿਣੇ ਦੀ ਜਿੰਦਗੀ ਵਿੱਚ ਕੀ ਬਦਲਾਅ ਆਇਆ ਸੀ?**

ਬਾਣੀ ਸੁਣ ਕੇ ਮਨ ਨੂੰ ਬਾਣੀ ਦੀ ਖਿੱਚ ਪਈ ਅਤੇ ਦੇਵੀ ਦੇ ਦਰਸ਼ਨ ਕਰਨ ਜਾਂਦਿਆ ਰਾਹ ਵਿਚ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਦਾ ਫੈਸਲਾ ਕਰ ਲਿਆ।

**22. ਭਾਈ ਲਹਿਣਾ ਜੀ ਗੁਰੂ ਨਾਨਕ ਸਾਹਿਬ ਪਾਸ ਪਹਿਲੀ ਵਾਰ ਕਦੋਂ ਅਤੇ ਕਿੱਥੇ ਗਏ ਸਨ?**

ਲਹਿਣਾ ਜੀ ਪਹਿਲੀ ਵਾਰ ਕਰਤਾਰ ਪੁਰ ਵਿਖੇ ਗੁਰੂ ਜੀ ਨੂੰ ਮਿਲਣ ਅਕਤੂਬਰ – ਨਵੰਬਰ 1532 ਨੂੰ ਗਏ ਸਨ।

**23. ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਦੇ ਮਨ ਵਿਚ ਗਰੀਬਾਂ ਪ੍ਰਤੀ ਪਿਆਰ ਭਰਨ ਲਈ ਕੀ ਕੀਤਾ?**

ਗੁਰੂ ਜੀ ਨੇ ਉਹਨਾਂ ਤੋਂ ਕਈ ਵਾਰੀ ਉਹੀ ਕੰਮ ਕਰਾਏ ਜੋ ਹਿੰਦੂ ਨਿਯਮਾਂਵਲੀ ਅਨੁਸਾਰ ਸਿਰਫ ਸ਼ੂਦਰਾਂ ਨੂੰ ਹੀ ਕਰਨੇ ਪੈਂਦੇ ਸਨ।

**24. ਭਾਈ ਲਹਿਣਾ ਜੀ ਤੋਂ ਗੁਰੂ ਜੀ ਨੇ ਨੀਚ ਜਾਤੀਆਂ ਵਾਲੇ ਕੰਮ ਕਰਵਾਏ। ਉਨ੍ਹਾਂ ਵਿੱਚੋਂ ਕੁਝ ਚੋਣਵਿਆਂ ਦੇ ਨਾਮ ਦੱਸੋ ਜੀ?**

1) ਮੂੰਜੀ ਦੇ ਖੇਤਾਂ ਚੋਂ ਡੀਲਾ ਪੁਟਣਾ।

2) ਗੰਦੇ ਨਾਲੇ ਵਿੱਚੋਂ ਕਟੋਰਾ ਕੱਢਣਾ।

3) ਧਰਮਸ਼ਾਲਾ ਵਿੱਚੋਂ ਮੋਈ ਬਿੱਲੀ ਬਾਹਰ ਸੁੱਟਣੀ।

4) ਸਿਆਲੀ ਰਾਤੀਂ ਵਰਖਾ ਨਾਲ ਢਹਿ ਚੁੱਕੀ ਕੰਧ ਬਣਾਉਣਾ।

5) ਸਿਆਲੀ ਰਾਤੀਂ ਦਰਿਆ ਤੇ ਕੱਪੜੇ ਧੋਣੇ।

6) ਮੁਰਦਾਰ ਖਾਣ ਲਈ ਪ੍ਰੇਰਨਾ, ਆਦਿ।

**25. ਕਸ਼ਮੀਰ ਨੂੰ ਜਾ ਰਹੇ ਬ੍ਰਹਮਚਾਰੀ ਨੇ ਗੁਰੂ ਨਾਨਕ ਦੇਵ ਜੀ ਤੋਂ ਕੱਚੀ ਰਸਦ ਦੀ ਮੰਗ ਕਿਉ ਕੀਤੀ?**

ਬ੍ਰਹਮਚਾਰੀ ਨੇ ਕੱਚੀ ਰਸਦ ਦੀ ਮੰਗ ਇਸ ਲਈ ਕੀਤੀ ਕਿਉਂਕਿ ਉਸ ਨੇ ਇਤਰਾਜ਼ ਕੀਤਾ ਸੀ ਕਿ ਲੰਗਰ ਵਿਚ ਸ਼ਾਸਤ੍ਰਾਂ ਦੀ ਪੂਰੀ ਮਰਯਾਦਾ ਨਾਲ ਭੋਜਨ ਤਿਆਰ ਨਹੀਂ ਹੁੰਦਾ।

**26. ਬ੍ਰਹਮਚਾਰੀ ਅਤੇ ਉਸ ਦੇ ਵਿਦਿਆਰਥੀਆਂ ਨੂੰ ਆਮ ਲੰਗਰ ਵਿੱਚੋਂ ਪ੍ਰਸ਼ਾਦਾ ਕਿਉਂ ਛਕਣਾ ਪਿਆ ਸੀ?**

ਕਿਉਂਕਿ ਉਸ ਦੇ ਵਿਦਿਆਰਥੀ ਸਾਰਾ ਦਿਨ ਚੌਂਕਾ ਤਿਆਰ ਕਰਨ ਲਈ ਜਿਸ ਵੀ ਜਗ੍ਹਾ ਤੋਂ ਓਪਰੀ ਮਿੱਟੀ ਪੁੱਟਦੇ ਤਾਂ ਥੱਲਿਉਂ ਹੱਡੀਆਂ ਜਾਂ ਕੁਝ ਐਸਾ ਨਿਕਲ ਆਉਂਦਾ ਜਿਸ ਨੂੰ ਉਹ ਅਪਵਿੱਤਰ ਮੰਨਦੇ ਸਨ।

**27. ਗੁਰੂ ਜੀ ਨੇ ਬ੍ਰਹਮਚਾਰੀ ਅਤੇ ਉਸਦੇ ਵਿਦਿਆਰਥੀਆਂ ਨੂੰ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਇਨਸਾਨੀ ਜੀਵਨ ਦੇ ਰਾਹ ਵਿਚ ਆਤਮਕ ਜੀਵਨ ਦੀ ਪਵਿਤਰਤਾ ਦੀ ਲੋੜ ਹੈ। ਪਰਮਾਤਮਾਂ ਦੇ ਦਰ ਤੇ ਸੁੱਚੇ ਹਿਰਦੇ ਨੂੰ ਆਦਰ ਮਿਲਦਾ ਹੈ।

**28. ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਅਨੁਸਾਰ ਹਿਰਦਾ ਪਵਿੱਤਰ ਕਿਵੇਂ ਹੁੰਦਾ ਹੈ?**

ਜੇ ਮਨੁੱਖ ਜੀਵਨ ਨੂੰ ਪਵਿੱਤਰ ਕਰਨ ਵਾਲੇ ਹਰੀ-ਨਾਮ ਵਿਚ ਜੁੜੇ।

**29. ਸਤ-ਸੰਗੀ ਸੱਜਣਾਂ ਬਾਰੇ ਮਾਇਆਧਾਰੀਆ ਦੇ ਕੀ ਵਿਚਾਰ ਹਨ?**

ਮਾਇਆ ਧਾਰੀਆਂ ਨੂੰ ਉਹ ਬੰਦੇ ਵਿਹਲੜ ਹੀ ਲੱਗਦੇ ਹਨ।

**30. ਗੁਰੂ ਨਾਨਕ ਦੇਵ ਜੀ ਨੇ ਸਤਸੰਗ ਕਰਨ ਬਾਰੇ ਕੀ ਸਮਝਾਇਆ?**

ਗੁਰੂ ਜੀ ਨੇ ਸਮਝਾਇਆ ਕਿ ਮਨੁੱਖ ਦੀ ਪਹਿਲਾਂ ਪਸ਼ੂ ਬਿਰਤੀ ਬਦਲ ਕੇ ਮਨੁੱਖ-ਬਿਰਤੀ, ਫਿਰ ਦੇਵਤਾ-ਬਿਰਤੀ ਤੇ ਆਖੀਰ ਸਤਸੰਗ ਦੀ ਬਰਕਤ ਨਾਲ ਮਨੁੱਖ ਨੂੰ ਹਰ ਪਾਸੇ ਪ੍ਰਮਾਤਮਾ ਹੀ ਦਿੱਸਣ ਲੱਗ ਪੈਂਦਾ ਹੈ।

**31. ਗੁਰੂ ਨਾਨਕ ਦੇਵ ਜੀ ਦਾ ਮਰੀ ਹੋਈ ਬਿੱਲੀ ਤੋਂ ਕੀ ਭਾਵ ਸੀ? (ਮੂਈ ਬਿੱਲੀ ਕਿਸ ਨੂੰ ਕਿਹਾ)**

ਗੁਰੂ ਜੀ ਨੇ ਹਉਮੈ ਦੀ ਤੁਲਨਾ ਮੂਈ ਬਿੱਲੀ ਨਾਲ ਕੀਤੀ ਕਿ ਜਿਵੇਂ ਮਰੀ ਹੋਈ ਬਿੱਲੀ ਸਾਰੇ ਖੂਹ ਦੇ ਪਾਣੀ ਨੂੰ ਗੰਦਾ ਕਰ ਦਿੰਦੀ ਹੈ ਇਸੇ ਤਰ੍ਹਾਂ ਹਉਮੈ ਮਨੁੱਖੀ ਮਨ ਨੂੰ ਗੰਦਲਾ ਕਰ ਦਿੰਦੀ ਹੈ।

**32. ਗੁਰੂ ਨਾਨਕ ਦੇਵ ਜੀ ਨੇ ਹਉਮੈ ਅਤੇ ਮਨ ਦੀ ਸ਼ਾਂਤੀ ਦਾ ਕੀ ਸਬੰਧ ਦੱਸਿਆ?**

ਗੁਰੂ ਜੀ ਨੇ ਸਮਝਾਇਆ ਕਿ ਹਉਮੈ ਅਤੇ ਆਤਮਕ ਸ਼ਾਂਤੀ ਦੋਵੇ ਇੱਕੋ ਥਾਂ (ਮਨ ਵਿੱਚ) ਨਹੀਂ ਟਿੱਕ ਸਕਦੀਆਂ।

**33. ਬਾਬਾ ਬੁੱਢਾ ਜੀ ਦਾ ਪਹਿਲਾ ਨਾਮ ਕੀ ਸੀ? ਉਹਨਾਂ ਦਾ ਜਨਮ ਕਦੋਂ ਤੇ ਕਿੱਥੇ ਹੋਇਆ?**

ਬਾਬਾ ਜੀ ਦਾ ਪਹਿਲਾ ਨਾਮ 'ਬੂੜਾ' ਸੀ। ਉਹਨਾਂ ਦਾ ਜਨਮ ਅਕਤੂਬਰ 1519 ਈਸਵੀ ਵਿੱਚ ਪਿੰਡ ਕੱਥੂ ਨੰਗਲ ਵਿਖੇ ਹੋਇਆ ਸੀ।

**34. ਜਦ ਬਾਬਾ ਬੁੱਢਾ ਜੀ ਗੁਰੂ ਨਾਨਕ ਦੇਵ ਜੀ ਨੂੰ ਪਹਿਲੀ ਵਾਰ ਮਿਲੇ ਤਾਂ ਉਹਨਾਂ ਦੀ ਉਮਰ ਕਿੰਨੀ ਸੀ?**

ਉਸ ਸਮੇਂ ਬਾਬਾ ਜੀ 12 ਸਾਲ ਦੇ ਸਨ।

**35. ਬੂੜੇ ਤੋਂ ਬਾਬਾ ਜੀ ਦਾ ਨਾਮ ਬਾਬਾ ਬੁੱਢਾ ਜੀ ਕਦੋਂ ਤੇ ਕਿਵੇਂ ਪਿਆ?**

ਬਾਬਾ ਜੀ 12 ਸਾਲ ਦੇ ਸਨ ਜਦੋਂ ਪਹਿਲੀ ਵਾਰ ਉਹਨਾਂ ਨੇ ਗੁਰੂ ਜੀ ਨੂੰ ਬੱਕਰੀਆਂ ਦਾ ਦੁੱਧ ਭੇਂਟ ਕੀਤਾ ਤੇ ਗੁਰੂ ਜੀ ਤੋਂ ਆਤਮਕ ਜੀਵਨ ਦੀ ਸੂਝ ਬੂਝ ਵਾਲਾ ਰਸਤਾ ਪੁਛਿਆ ਤਾਂ ਗੁਰੂ ਜੀ ਨੇ ਸਹਿਜੇ ਹੀ ਕਿਹਾ "ਕਾਕਾ ਤੂੰ ਅਜੇ ਬਾਲ ਉਮਰੇਂ ਹੈਂ, ਪਰ ਗੱਲਾਂ ਕਰਦਾ ਹੈਂ ਬੁੱਢਿਆਂ ਵਾਲੀਆਂ"। ਤਦੋਂ ਹੀ ਭਾਈ ਬੂੜੇ ਦਾ ਨਾਮ ਬਾਬਾ ਬੁੱਢਾ ਪੈ ਗਿਆ।

**36. ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ ਤੇ ਕਿਸ ਨੇ ਥਾਪਿਆ ਸੀ?**

ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ ਅਤੇ ਉਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਥਾਪਿਆ ਸੀ।

**37. ਭਾਈ ਮਰਦਾਨਾ ਜੀ ਮੁਸਲਮਾਨ ਮਰਾਸੀ ਸਨ, ਉਹਨਾਂ ਦਾ ਦਿਹਾਂਤ ਕਦੋਂ ਹੋਇਆ ਸੀ? ਕੀ ਉਹਨਾਂ ਨੂੰ ਦਬਾਇਆ ਗਿਆ ਸੀ ਜਾਂ ਸੰਸਕਾਰ ਕੀਤਾ ਗਿਆ ਸੀ?**

ਭਾਈ ਮਰਦਾਨਾ ਜੀ ਦਾ ਦਿਹਾਂਤ 23 ਮੱਘਰ ਸੰਮਤ 1591 ਵਿੱਚ ਹੋਇਆ ਸੀ ਤੇ ਉਨ੍ਹਾਂ ਦੀ ਇੱਛਾ ਅਨੁਸਾਰ ਸੰਸਕਾਰ ਕੀਤਾ ਗਿਆ ਸੀ।

**38. ਭਾਈ ਮਰਦਾਨਾ ਜੀ ਕਿੰਨੇ ਦਿਨ ਗੁਰੂ ਜੀ ਨਾਲ ਰਹੇ ਸਨ?**

ਭਾਈ ਮਰਦਾਨਾ ਜੀ ਨੇ 75 ਸਾਲਾਂ ਦੀ ਉਮਰ ਵਿਚੋਂ 47 ਸਾਲ ਗੁਰੂ ਜੀ ਨਾਲ ਗੁਜਾਰੇ ਸਨ।

**39. ਗੁਰੂ ਜੀ ਦੇ ਮਾਤਾ-ਪਿਤਾ ਜੀ ਦਾ ਦਿਹਾਂਤ ਕਦੋਂ ਤੇ ਕਿੱਥੇ ਹੋਇਆ ਸੀ?**

ਸੰਮਤ 1579 ਨੂੰ ਕਰਤਾਰ ਪੁਰ ਵਿਖੇ।

**40. ਗੁਰੂ ਨਾਨਕ ਦੇਵ ਜੀ ਨੇ ਜਿੰਦਗੀ ਦੇ ਆਖਰੀ ਸਾਲ ਕਿੱਥੇ ਬਿਤਾਏ ਸਨ?**

ਗੁਰੂ ਜੀ ਨੇ ਕਰਤਾਰ ਪੁਰ ਵਿੱਚ ਜਿੰਦਗੀ ਦੇ ਆਖਰੀ 18 ਸਾਲ ਬਿਤਾਏ ਸਨ।

**41. ਅੱਜ-ਕੱਲ੍ਹ ਕਰਤਾਰ ਪੁਰ ਦਾ ਸਥਾਨ ਕਿਸ ਦੇਸ਼ ਵਿੱਚ ਮੌਜੂਦ ਹੈ?**

ਕਰਤਾਰ ਪੁਰ ਦਾ ਸਥਾਨ ਅੱਜ-ਕੱਲ੍ਹ ਪਾਕਿਸਤਾਨ ਵਿੱਚ ਮੌਜੂਦ ਹੈ।

**42. ਗੁਰੂ ਨਾਨਕ ਦੇਵ ਜੀ ਨੇ ਗੁਰਿਆਈ ਕਿਸ ਨੂੰ ਸੌਂਪੀਂ ਸੀ?**

ਗੁਰੂ ਜੀ ਨੇ ਪੂਰੀ ਪਰਖ ਉਪਰੰਤ ਗੁਰਿਆਈ ਭਾਈ ਲਹਿਣਾ ਜੀ ਨੂੰ ਸੌਂਪੀ ਸੀ ਜੋ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣੇ ਜਾਂਦੇ ਹਨ।

**43. ਗੁਰੂ ਨਾਨਕ ਦੇਵ ਜੀ ਦੀਆਂ ਗੁਰੂ ਗ੍ਰੰਥ ਸਾਹਿਬ ਅੰਦਰ ਕਿਹੜੀਆਂ ਉਚੇਚੀਆਂ ਬਾਣੀਆਂ ਦਰਜ ਹਨ?**

ਗੁਰੂ ਜੀ ਨੇ ਹੇਠ ਲਿਖੀਆਂ ਉਚੇਚੀਆਂ ਬਾਣੀਆਂ ਉਚਾਰਨ ਕੀਤੀਆਂ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨः

ਜਪੁ, ਬਾਰਹ ਮਾਹ ਤੁਖਾਰੀ, ਪਹਿਰੇ 2, ਪਟੀ 1, ਅਲਾਹਣੀਆਂ 5, ਕੁਚੱਜੀ 1, ਸੁਚੱਜੀ 1, ਓਅੰਕਾਰ 54 ਪਾਉੜੀਆਂ, ਸਿਧ ਗੋਸਟਿ 73 ਪਾਉੜੀਆਂ, ਸੋਹਲੇ 22

**44. ਗੁਰੂ ਨਾਨਕ ਦੇਵ ਜੀ ਕਦੋਂ ਜੋਤੀ ਜੋਤ ਸਮਾਏ ਸਨ?**

ਗੁਰੂ ਨਾਨਕ ਦੇਵ ਜੀ ਸਤੰਬਰ 22, 1539 ਈः ਨੂੰ ਜੋਤੀ ਜੋਤ ਸਮਾਅ ਗਏ।

# ਜਪੁਜੀ ਸਾਹਿਬ

1. **ਜਪੁ ਬਾਣੀ ਦੀ ਬਣਤਰ ਕੀ ਹੈ?**

ਮੰਗਲਾ ਚਰਨ (ਮੂਲ ਮੰਤਰ), ਸਿਰਲੇਖ ਜਪੁ, ਸਲੋਕ, 38 ਪਉੜੀਆ ਅਤੇ ਅੰਤ ਵਿੱਚ ਸਲੋਕ।

2. **ਜਪੁ ਬਾਣੀ ਕਿਸ ਗੁਰੂ ਸਾਹਿਬ ਦੀ ਲਿਖਤ ਹੈ?**

ਗੁਰੂ ਨਾਨਕ ਦੇਵ ਜੀ ਦੀ।

3. **ਮੂਲ ਮੰਤਰ (ਮੰਗਲਾ ਚਰਨ) ਕਿਥੋਂ ਤੋਂ ਕਿਥੇ ਤੱਕ ਹੈ?**

ੴ ਤੋਂ ਗੁਰ ਪ੍ਰਸਾਦਿ ਤੱਕ। [ਸਿੱਖ ਰਹਿਤ ਮਰਿਆਦਾ-ਅੰਮ੍ਰਿਤ ਸੰਸਕਾਰ ਭਾਗ (ਞ)]

4. **ੴ ਤੋਂ ਕੀ ਭਾਵ ਹੈ?**

ੳ-ਓਅੰਕਾਰ ਭਾਵ ਸਾਰੀ ਸ੍ਰਿਸ਼ਟੀ ਦਾ ਕਰਤਾ (ਓਅੰਕਾਰ ਬ੍ਰਹਮਾ ਉਤਪਤਿ) ਭਾਵ ਪ੍ਰਮਾਤਮਾ ਇੱਕ ਹੈ।

5. **ਓਅੰਕਾਰ ਦੇ ਕੀ ਗੁਣ (ਲੱਛਣ) ਹਨ?**

ਉਹ ਸੱਚ ਵਿੱਚ ਸਮਾਇਆ ਹੋਇਆ ਹੈ, ਇੱਕ ਸ਼ਕਤੀ ਹੈ (ਨਾਮ ਕੇ ਧਾਰੇ ਸਗਲੇ ਜੰਤ) ਜਿਸ ਤੋਂ ਸਾਰੀ ਸ੍ਰਿਸ਼ਟੀ ਪੈਦਾ ਹੋਈ, ਸਭ ਦਾ ਕਰਤਾ ਹੈ ਅਤੇ ਸਭ ਵਿੱਚ ਸਮਾਇਆ ਹੋਇਆ ਹੈ, ਨਿਡਰ ਹੈ, ਨਿਰਵੈਰ (ਕਿਸੇ ਨਾਲ ਵੈਰ ਨਹੀਂ ਰੱਖਦਾ) ਉਸਦੀ ਮੂਰਤ ਮੌਤ ਤੋਂ ਰਹਿਤ ਹੈ, ਕਿਸੇ ਜੂਨੀ ਤੋਂ ਪੈਦਾ ਨਹੀ ਹੋਇਆ (ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ) ਅਤੇ ਆਪਣੇ ਆਪ ਤੋਂ ਪੈਦਾ ਹੋਇਆ ਹੈ।

6. **ਉਸ ਓਅੰਕਾਰ ਦੀ ਪ੍ਰਾਪਤੀ ਕਿਸ ਤਰਾਂ ਹੁੰਦੀ ਹੈ?**

ਗੁਰੂ ਦੀ ਕ੍ਰਿਪਾ ਦੁਆਰਾ।

7. **ਸੱਚ (ਪ੍ਰਮਾਤਮਾ) ਕਦੋਂ ਪੈਦਾ ਹੋਇਆ ਅਤੇ ਕਦੋਂ ਤੱਕ ਰਹੇਗਾ?**

ਉਹ ਪ੍ਰਮਾਤਮਾ ਸ੍ਰਿਸ਼ਟੀ ਦੇ ਮੁੱਢ ਤੋਂ ਵੀ ਪਹਿਲਾਂ ਸੀ, ਜੁਗਾਂ ਦੇ ਸ਼ੁਰੂ ਤੋਂ ਪਹਿਲਾਂ ਸੀ, ਅੱਜ ਵੀ ਹੈ ਅਤੇ ਹਮੇਸ਼ਾ ਰਹੇਗਾ (ਭਾਵ ਸ੍ਰਿਸ਼ਟੀ ਦੇ ਖਤਮ ਹੋਣ ਤੋਂ ਬਾਅਦ ਵੀ ਰਹੇਗਾ)।

**8. ਕੀ ਪ੍ਰਭੂ ਸੋਚ ਪਵਿਤਰਤਾ ਨਾਲ ਮਿਲਦਾ ਹੈ?**

ਨਹੀਂ। "ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ"॥

**9. ਲਫਜ 'ਸਤ' 'ਸਤਿ' 'ਸਤ' ਤਿੰਨ ਤਰਾਂ ਗੁਰਬਾਣੀ ਵਿੱਚ ਆਉਂਦਾ ਹੈ, ਕੀ ਤਿੰਨਾਂ ਦਾ ਇੱਕ ਹੀ ਅਰਥ ਹੈ ਜੇ ਨਹੀਂ ਤਾਂ ਦੱਸੋ ਜੀ?**

ਨਹੀਂ, ਤਿੰਨਾਂ ਦਾ ਅਰਥ ਅਲੱਗ-ਅਲੱਗ ਹੈ:-

1. 'ਸਤੁ'- ਦਾਨ, ਸੁੱਚਾ ਆਚਰਨ ("ਸੁਣਿਐ ਸਤੁ ਸੰਤੋਖੁ ਗਿਆਨੁ॥" "ਜਤੁ ਸਤੁ ਸੰਜਮੁ ਸਚੁ ਸੁਚੀਤੁ॥")
2. 'ਸਤਿ'-ਸੱਚ ਅੰਦਰ, ਸੱਚ ਨਾਲ (੧ੴ ਸਤਿਨਾਮ, "ਸਤਿ ਸੁਹਾਣੁ ਸਦਾ ਮਨਿ ਚਾਉ॥")
3. 'ਸਤ'- ਗਿਣਤੀ ਦਾ ਸਤ (7)

**10. ਕੀ ਮੋਨ ਧਾਰਨ ਨਾਲ ਰੱਬ ਮਿਲਦਾ ਹੈ?**

ਨਹੀਂ ਜੀ। "ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ"॥

**11. ਜੇ ਬਹੁਤੇ ਪਦਾਰਥ, ਜਾਇਦਾਦ ਇਕੱਠੀ ਕਰ ਲਈ ਜਾਏ ਤਾਂ ਕੀ ਤ੍ਰਿਸ਼ਨਾ ਬੁਝ ਜਾਏਗੀ ਜਾਂ ਹੋਰ ਵਧੇਗੀ?**

ਨਹੀ ਬੁਝੇਗੀ ਬਲਕਿ ਹੋਰ ਵੱਧ ਜਾਏਗੀ। "ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ" ॥

**12. ਕੀ ਫੋਕਾ ਗਿਆਨ ਪ੍ਰਾਪਤ ਕਰ ਲੈਣ ਨਾਲ ਪ੍ਰਭੂ ਪ੍ਰਾਪਤੀ ਹੋ ਜਾਂਦੀ ਹੈ?**

ਨਹੀ ਜੀ "ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ"॥

**13. ਭਾਉ ਅਤੇ ਭਉ ਤੋਂ ਕੀ ਭਾਵ ਹੈ?**

ਭਾਉ- ਪਿਆਰ ਅਤੇ ਭਉ- ਡਰ।

**14. "ਗਾਵੈ ਕੋ ਗੁਣ ਵਡਿਆਈਆਂ ਚਾਰ" ਤੁਕ ਅੰਦਰ 'ਚਾਰ' ਦਾ ਕੀ ਅਰਥ ਹੈ?**

ਸੁੰਦਰ।

**15. ਜੇ ਚਾਰ ਦੇ ਆਖਰੀ ਅੱਖਰ ਨੂੰ ਸਿਹਾਰੀ ਲੱਗ ਜਾਵੇ ਤਾਂ ਇਸ ਦਾ ਕੀ ਅਰਥ ਹੋਵੇਗਾ?**

ਗਿਣਤੀ ਵਾਲਾ ਚਾਰ (4)।

16. **ਉਸ ਪ੍ਰਭੂ ਦੀ ਬੋਲੀ ਕਿਹੜੀ ਹੈ?**

ਪਿਆਰ ਵਾਲੀ "ਭਾਖਿਆ ਭਾਉ ਅਪਾਰੁ"॥

17. **ਜਦ ਸਭ ਦਾਤਾਂ ਪ੍ਰਭੂ ਆਪ ਦੇ ਰਿਹਾ ਹੈ ਤਾਂ ਫਿਰ ਉਸ ਅਗੇ ਕੀ ਭੇਟਾ ਰੱਖੀਏ ਕਿ ਉਸ ਦੇ ਦਰਬਾਰ ਦੇ ਦਰਸ਼ਨ ਹੋ ਸਕਣ? ਅਤੇ ਮੂੰਹ ਤੋ ਕਿਸ ਤਰਾਂ ਦੇ ਬੋਲ ਬੋਲੀਏ ਕਿ ਪ੍ਰਭੂ ਸੁਣ ਕੇ ਪਿਆਰ ਕਰੇ?**

ਉਸ ਪ੍ਰਮਾਤਮਾ ਦੇ ਗੁਣ ਗਾ ਕੇ ਉਸ ਦੀ ਵਡਿਆਈ ਦੀ ਵੀਚਾਰ ਕੀਤੀ ਜਾਵੇ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ"॥

18. **ਕੀ ਰੱਬ ਜੀ ਨੂੰ ਥਾਪਿਆ ਜਾਂ ਬਣਾਇਆ ਜਾ ਸਕਦਾ ਹੈ?**

ਨਹੀ ਜੀ। "ਥਾਪਿਆ ਨਾ ਜਾਇ" ॥

19. **ਇਕ ਅਤੇ ਇਕੁ ਵਿੱਚ ਕੀ ਫਰਕ ਹੈ?**

"ਗੁਰਾ ਇਕ ਦੇਹਿ ਬੁਝਾਈ" ਵਿੱਚ ਵਰਤਿਆ ਗਿਆ ਇਕ ਇਸਤਰੀ ਲਿੰਗ ਹੈ ਅਤੇ ਬੁਝਾਰਤ ਲਈ ਵਰਤਿਆ ਗਿਆ ਹੈ, ਜਦੋਂ ਕਿ "ਸਭਨਾ ਜੀਆ ਕਾ ਇਕੁ ਦਾਤਾ" ਵਿੱਚ "ਇਕੁ" ਦਾਤੇ ਲਈ ਵਰਤਿਆ ਗਿਆ ਹੈ ਜੋ ਕਿ ਇਕ ਵਚਨ ਪੁਲਿੰਗ ਨਾਉਂ ਹੈ।

20. **ਹਰ ਪ੍ਰਕਾਰ ਦਾ ਦੁਖ ਦੂਰ ਕਰਨ ਅਤੇ ਆਤਮਕ- ਸੁਖ ਪ੍ਰਾਪਤ ਕਰਨ ਲਈ ਕੀ ਕਰਨਾ ਚਾਹੀਦਾ ਹੈ?**

ਗੁਣਾਂ ਦੇ ਖਜਾਨੇ (ਵਿਆਪਕ ਬ੍ਰਹਮ ਦਾ ਜਸ) ਗਾਉਣਾ, ਸੁਣਨਾ ਅਤੇ ਮਨ ਵਿੱਚ ਪਿਆਰ ਧਾਰਨ ਕਰਨਾ ਚਾਹੀਦਾ ਹੈ। "ਗਾਵੀਐ ਸੁਣੀਐ ਮਨਿ ਰਖੀਐ ਭਾਉ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥"

21. **"ਜੇ ਕੋ ਮੰਨਿ ਜਾਣੈ ਮਨਿ ਕੋਇ॥" ਤੁਕ ਅੰਦਰ 'ਮੰਨਿ' ਅਤੇ 'ਮਨਿ' ਵਿੱਚ ਕੀ ਫਰਕ ਹੈ?**

ਮੰਨਿ - ਮੰਨ ਕਰਕੇ

ਮਨਿ - ਮਨ ਅੰਦਰ

22. **ਪ੍ਰਮਾਤਮਾ ਦੀ ਬਾਣੀ / ਸਿਫਤ ਸੁਣਨ ਦਾ ਕੀ ਫਾਇਦਾ ਹੁੰਦਾ ਹੈ?**

ਜਿਥੇ ਪ੍ਰਮਾਤਾਮਾ ਦੀ ਬਾਣੀ/ਸਿਫਤ ਸੁਣਨ ਨਾਲ ਅੰਦਰ ਖੇੜਾ ਪੈਦਾ ਹੋ ਜਾਦਾ ਹੈ ਅਤੇ ਸਾਰੇ ਦੁਖਾਂ / ਪਾਪਾਂ ਦਾ ਨਾਸ਼ ਹੋ ਜਾਦਾ ਹੈ। "ਸੁਣਿਐ ਦੂਖ ਪਾਪ ਕਾ ਨਾਸੁ" ਉਥੇ ਸੁਣਨ ਨਾਲ ਸਿਧਾਂ, ਪੀਰਾਂ ਦੇਵਤਿਆ, ਨਾਥਾਂ, ਈਸਰ, ਬਰਮਾ, ਇੰਦ ਆਦਿ ਦੀ

ਅਸਲੀਅਤ ਦਾ ਪਤਾ ਲੱਗ ਜਾਂਦਾ ਹੈ। "ਸੁਣਿਐ ਸਿਧ ਪੀਰ ਸੁਰਿ ਨਾਥ" "ਸੁਣਿਐ ਈਸਰੁ ਬਰਮਾ ਇੰਦ" ਅਤੇ ਸੁਣਨ ਨਾਲ ਹੀ ਸਤ, ਸੰਤੋਖ, ਗਿਆਨ ਪੈਦਾ ਹੋ ਜਾਂਦੇ ਹਨ ਅਤੇ ਤੀਰਥਾਂ ਆਦਿ ਤੇ ਭਟਕਣ ਦੀ ਲੋੜ ਨਹੀਂ ਰਹਿੰਦੀ। "ਸੁਣਿਐ ਸਤੁ ਸੰਤੋਖੁ ਗਿਆਨੁ" "ਸੁਣਿਐ ਅਠਸਠਿ ਕਾ ਇਸਨਾਨੁ"॥

**23. ਤੀਰਥ ਇਸ਼ਨਾਨ ਬਾਰੇ ਗੁਰੂ ਜੀ ਜਪੁ ਬਾਣੀ ਅੰਦਰ ਕੀ ਉਪਦੇਸ਼ ਦਿੰਦੇ ਹਨ?**

ਗੁਰੂ ਜੀ ਫਰਮਾਉਂਦੇ ਹਨ, ਹੇ ਪ੍ਰਭੂ ! ਤੀਰਥ ਉਪਰ ਤਾਂ ਹੀ ਨਹਾਉਣ ਦਾ ਲਾਭ ਹੈ ਜੇ ਕਰ ਤੈਨੂੰ ਭਾਅ ਜਾਵਾਂ "ਤੀਰਥਿ ਨਾਵਾ ਜੇ ਤਿਸੁ ਭਾਵਾ" ਨਹੀਂ ਤਾਂ ਤੀਰਥਿ ਇਸ਼ਨਾਨ ਦਾ ਗੁਰੂ ਜੀ ਨੇ ਕਈ ਥਾਂਈ ਗੁਰਬਾਣੀ ਅੰਦਰ ਖੰਡਨ ਕੀਤਾ ਹੈ ਭਾਵ ਗੁਰੂ ਪ੍ਰਮੇਸ਼ਰ ਨੂੰ ਮੰਨ ਵਿੱਚ ਵਸਾਉਣਾ ਹੀ ਤੀਰਥ ਇਸ਼ਨਾਨ ਹੈ "ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ, ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ"॥

**24. ਜੋ ਲੋਕ ਲੰਮੀ ਉਮਰ, ਲੋਕ ਪ੍ਰਸਿੱਧਤਾ ਜਾਂ ਲੋਕਾਈ ਵਿੱਚ ਆਪਣੇ ਆਪ ਨੂੰ ਚੰਗਾ ਸਾਬਤ ਕਰਨਾ ਚਾਹੁੰਦੇ ਹਨ, ਉਨ੍ਹਾਂ ਬਾਰੇ ਗੁਰੂ ਜੀ ਕੀ ਵੀਚਾਰ ਦਿੰਦੇ ਹਨ?**

ਜੇ ਉਹ ਰੱਬ ਦੀ ਨਿਗਾਹ ਵਿੱਚ ਚੰਗਾ ਨਹੀ ਬਣਦੇ ਤਾਂ ਸਮਝੋ ਉਹ ਇਕ ਆਮ ਕੀੜੇ ਵਾਂਗ ਹੀ ਹਨ।

"ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥"

**25. ਗੁਰੂ ਦੀ ਗੱਲ ਮੰਨਣ ਨਾਲ ਕੀ ਮਿਲਦਾ ਹੈ?**

ਗੁਰੂ ਦੀ ਗੱਲ ਮੰਨਣ ਨਾਲ ਸੁਰਤਿ, ਮਨ ਅਤੇ ਬੁਧੀ ਪਵਿੱਤਰ ਹੋ ਜਾਂਦੇ ਹਨ। ਜਿਸ ਕਰਕੇ ਇਹ ਸਮਝ ਪੈ ਜਾਂਦੀ ਹੈ ਕਿ ਪ੍ਰਮਾਤਮਾ ਸਰਵ-ਵਿਆਪਕ ਹੈ ਫਿਰ ਕੋਈ ਠੋਕਰ ਨਹੀਂ ਲੱਗਦੀ ਅਤੇ ਨਾਲ ਹੀ ਜਮਾਂ ਤੋਂ ਵੀ ਖਲਾਸੀ ਮਿਲਦੀ ਹੈ। ਜਿਥੇ ਮੰਨਣ ਨਾਲ ਆਤਮਕ ਸ਼ਾਤੀ ਮਿਲਦੀ ਹੈ ਉਥੇ ਸਾਰੇ ਪਰਵਾਰ ਦਾ ਸੁਧਾਰ ਵੀ ਹੋ ਜਾਂਦਾ ਹੈ। "ਮੰਨੈ ਸੁਰਤਿ ਹੋਵੈ ਮਨਿ ਬੁਧਿ॥ ਮੰਨੈ ਸਗਲ ਭਵਣ ਕੀ ਸੁਧਿ॥ ਮੰਨੈ ਮੁਹਿ ਚੋਟਾ ਨਾ ਖਾਇ॥ ਮੰਨੈ ਜਮ ਕੈ ਸਾਥਿ ਨ ਜਾਇ॥" ਅਤੇ "ਮੰਨੈ ਪਾਵਹਿ ਮੋਖੁ ਦੁਆਰੁ॥ ਮੰਨੈ ਪਰਵਾਰੈ ਸਾਧਾਰੁ॥"

**ਨੋਟ:-** ਪਰਵਾਰ ਤੋਂ ਭਾਵ ਸਰੀਰ ਦੇ ਗਿਆਨ ਇੰਦ੍ਰੇ ਹੈ। "ਇਸ ਗ੍ਰਿਹ ਮਹਿ ਕੋਈ ਜਾਗਤੁ ਰਹੈ॥ ਸਾਬਤੁ ਵਸਤੁ ਉਹੁ ਅਪਨੀ ਲਹੈ॥"

26. **ਪੁਰਾਣ ਅਨੁਸਾਰ ਧਰਤੀ ਨੂੰ ਧੌਲੇ ਬਲਦ ਨੇ ਚੱਕਿਆ ਹੋਇਆ ਹੈ, ਗੁਰੂ ਜੀ ਇਸ ਬਾਰੇ ਕੀ ਵੀਚਾਰ ਦਿੰਦੇ ਹਨ?**

ਗੁਰੂ ਜੀ ਦੱਸਦੇ ਹਨ ਧਰਤੀ ਨੂੰ ਪ੍ਰਭੂ ਦੀ ਦਇਆ ਵਿਚੋਂ ਉਪਜੇ ਧਰਮ ਰੂਪੀ ਬਲਦ (ਕੁਦਰਤੀ ਨਿਯਮ, ਰੱਬੀ ਹੁਕਮ ਜਾਂ ਰੱਬੀ ਭੈਅ) ਨੇ ਚੁਕਿਆ ਹੋਇਆ ਹੈ ਜਾਂ ਟਿਕਾਇਆ ਹੋਇਆ ਹੈ।

27. **ਪ੍ਰਭੂ ਨੇ ਸ਼੍ਰਿਸ਼ਟੀ ਦਾ ਪਸਾਰਾ ਕਿਸ ਤਰ੍ਹਾਂ ਕੀਤਾ?**

ਇੱਕ ਆਵਾਜ਼/ਹੁਕਮ ਤੋਂ। "ਕੀਤਾ ਪਸਾਉ ਏਕੋ ਕਵਾਉ"॥

28. **"ਆਪੇ ਬੀਜਿ ਆਪੇ ਹੀ ਖਾਹੁ" ਅਤੇ "ਸੁਣਿਐ ਅੰਧੇ ਪਾਵਹਿ ਰਾਹੁ" ਤੁਕਾਂ ਅੰਦਰ 'ਖਾਹੁ' ਅਤੇ 'ਰਾਹੁ' ਨੂੰ ਔਂਕੜ ਹੈ, ਪਰ 'ਰਾਹੁ' ਦਾ ਔਂਕੜ ਬੋਲਿਆ ਨਹੀਂ ਜਾਂਦਾ, ਜਦਕਿ 'ਖਾਹੁ' ਦਾ ਔਂਕੜ ਬੋਲਿਆ ਜਾਂਦਾ ਹੈ, ਕਿਉਂ?**

ਕਿਉਂਕਿ 'ਖਾਹੁ' ਕਿਰਿਆ ਹੈ ਅਤੇ 'ਰਾਹੁ' ਨਾਉਂ ਹੈ।

29. **"ਪੁੰਨੀ ਪਾਪੀ ਆਖਣੁ ਨਾਹਿ॥" ਅਤੇ "ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ" ਦੀ ਪਹਿਲੀ ਤੁਕ ਵਿੱਚ 'ਣ' ਨੂੰ ਔਂਕੜ ਹੈ ਤੇ ਦੂਜੀ ਤੁਕ ਵਿੱਚ 'ਣ' ਨੂੰ ਸਿਹਾਰੀ ਕਿਉਂ ਹੈ?**

ਆਖਣੁ— ਨਾਂਵ ਹੈ ਸੋ ਇੱਥੇ ਆਖਣੁ ਦਾ ਅਰਥ ਹੈ 'ਕਹਿਣਾ'

ਆਖਣਿ— ਕ੍ਰਿਆ ਹੈ ਸੋ ਇਸਦਾ ਅਰਥ ਹੈ 'ਕਹਿਣ ਨੂੰ'

30. **ਇਨਸਾਨ ਦੀ ਮਲੀਨ ਮੱਤ ਕਿਸ ਤਰ੍ਹਾਂ ਪਵਿਤਰ ਹੋ ਸਕਦੀ ਹੈ?**

ਪ੍ਰਮਾਤਮਾ ਦਾ ਨਾਮ ਜਪਣ ਨਾਲ। "ਭਰੀਐ ਮਤਿ ਪਾਪਾ ਕੈ ਸੰਗਿ ਓਹੁ ਧੋਪੈ ਨਾਵੈ ਕੈ ਰੰਗਿ"॥

31. **ਜਦੋਂ ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਸਾਜਨਾ ਕੀਤੀ ਉਸ ਭੇਦ ਨੂੰ ਕਿਸ ਨੇ ਲੱਭਿਆ?**

ਕਿਸੇ ਨੇ ਵੀ ਨਹੀ। ਉਸ ਭੇਦ ਨੂੰ ਪ੍ਰਮਾਤਮਾ ਆਪ ਹੀ ਜਾਣਦਾ ਹੈ। "ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ"॥

32. **"ਜੇ ਸੋਚੀ ਲਖ ਵਾਰ" ਅਤੇ "ਕਵਣੁ ਸੁ ਵੇਲਾ ਵਖਤੁ ਕਵਣੁ ਕਵਣੁ ਥਿਤਿ ਕਵਣੁ ਵਾਰੁ" ਅੰਦਰ 'ਵਾਰ' ਅਤੇ 'ਵਾਰੁ' ਵਿੱਚ ਇੱਕ ਰਾਰਾ ਮੁਕਤਾ ਹੈ ਅਤੇ ਦੂਜੇ ਨੂੰ ਔਂਕੜ ਲੱਗਿਆ ਹੈ ਕਿਉਂ?**

'ਵਾਰ' ਪੁਲਿੰਗ ਬਹੁ ਵਚਨ ਹੈ ਅਤੇ 'ਵਾਰੁ' ਪੁਲਿੰਗ ਇੱਕ ਵਚਨ ਹੈ।

**33. "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ" ਕਿਸ ਦੀ ਕਹੀ ਹੋਈ ਗੱਲ ਗੁਰੂ ਨਾਨਕ ਪਾਤਸ਼ਾਹ ਨੇ ਜਪੁਜੀ ਅੰਦਰ ਲਿਖੀ ਹੈ?**

ਵੇਦਾਂ ਦੀ ਗੱਲ ਗੁਰੂ ਜੀ ਨੇ ਸੁਣਾਈ ਹੈ। "ਵੇਦ ਕਹਨਿ ਇਕ ਵਾਤ"।।

**34. ਪਾਤਾਲਾ ਅਤੇ ਆਗਾਸਾ ਬਾਰੇ ਗੁਰੂ ਜੀ ਦੀ ਅਪਣੀ ਕੀ ਵੀਚਾਰ ਹੈ?**

ਗੁਰੂ ਪਾਤਸ਼ਾਹ ਕਹਿੰਦੇ ਹਨ ਕਿ ਇਸ ਦਾ ਅੰਤ ਹੀ ਨਹੀਂ, ਕਿੰਨੇ ਹਨ? ਜੇ ਲੇਖਾ ਹੋ ਸਕੇ ਤਾਂ ਲਿਖੀਏ ਕਿਉਂਕਿ ਉਸ ਦੀ ਗੱਲ ਕਰਦਿਆਂ ਲੇਖੇ ਹੀ ਖਤਮ ਹੋ ਜਾਂਦੇ ਹਨ। "ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ" ਅਤੇ ਕਿਹਾ ਉਸ ਪ੍ਰਮਾਤਮਾ ਨੂੰ ਵੱਡਾ ਹੀ ਕਹਿਣਾ ਬਣਦਾ ਹੈ।

**35. ਕੀ ਉਸ ਪ੍ਰਮਾਤਮਾ ਦਾ ਅੰਤੁ ਸਿਫਤ ਕਰ ਕੇ ਪਾਇਆ ਜਾ ਸਕਦਾ ਹੈ?**

ਨਹੀ ਜੀ। ਉਹ ਪ੍ਰਮਾਤਮਾ ਆਪ ਹੀ ਜਾਣਦਾ ਹੈ ਕਿ ਉਹ ਕਿਡਾ ਵੱਡਾ ਹੈ, "ਏਹੁ ਅੰਤੁ ਨ ਜਾਣੈ ਕੋਇ।। ਬਹੁਤਾ ਕਹੀਐ ਬਹੁਤਾ ਹੋਇ"।। ਉਸ ਨੂੰ ਜਿਤਨਾ ਵੱਡਾ ਕਹਿੰਦੇ ਹਾਂ ਉਹ ਹੋਰ ਵੱਡਾ ਦਿੱਸਦਾ ਹੈ। "ਜੇਵਡੁ ਆਪਿ ਜਾਣੈ ਆਪਿ ਆਪਿ"।। ਉਹ ਆਪ ਹੀ ਜਾਣਦਾ ਹੈ ਕਿ ਉਹ ਕਿੱਡਾ ਵੱਡਾ ਹੈ।

**36. ਗੁਰੂ ਜੀ ਨੇ ਦੂਖ, ਭੂਖ ਅਤੇ ਮਾਰ ਬਾਰੇ ਕੀ ਉਪਦੇਸ਼ ਦਿੱਤਾ ਹੈ?**

ਗੁਰੂ ਜੀ ਕਹਿੰਦੇ ਹਨ ਕਿ ਭਾਈ ਇਹ ਉਸ ਪ੍ਰਮਾਤਮਾ ਦੀਆਂ ਦਿੱਤੀਆਂ ਹੋਈਆਂ ਦਾਤਾਂ ਸਮਝੋ। "ਕੇਤਿਆ ਦੂਖ ਭੂਖ ਸਦ ਮਾਰ।। ਏਹਿ ਭਿ ਦਾਤਿ ਤੇਰੀ ਦਾਤਾਰ।।"

**37. ਜੇ ਕੋਈ ਪ੍ਰਭੂ ਬਾਰੇ ਬਿਆਨ ਕਰਨ ਜਾਂ ਦੱਸਣ ਦੀ ਗੱਲ ਕਰਦਾ ਹੈ ਤਾਂ ਗੁਰੂ ਜੀ ਉਸ ਦੀ ਤੁਲਨਾ ਕਿਸ ਨਾਲ ਕਰਦੇ ਹਨ?**

ਗੁਰੂ ਜੀ ਕਹਿੰਦੇ ਹਨ ਐਸੇ ਮਨੁਖ ਮੂਰਖਾਂ ਸਿਰ ਮੂਰਖ ਹਨ। "ਜੇ ਕੋ ਆਖੈ ਬੋਲੁ ਵਿਗਾੜੁ।। ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ।।"

38. **ਜੇ ਕੋਈ ਬਹੁਤ ਅਮੀਰ ਹੋ ਜਾਵੇ ਕਿ ਉਸ ਨੂੰ ਪਤਾ ਹੀ ਨਾ ਹੋਵੇ ਕਿ ਉਸ ਕੋਲ ਕਿਤਨਾ ਧਨ ਹੈ। ਉਸ ਬਾਰੇ ਗੁਰੂ ਜੀ ਕੀ ਵੀਚਾਰ ਦਿੰਦੇ ਹਨ?**

ਗੁਰੂ ਜੀ ਕਹਿੰਦੇ ਹਨ ਜੇ ਅਮੀਰ ਪ੍ਰਮਾਤਮਾ ਤੋਂ ਵਿਛੜਿਆ ਹੈ ਤਾਂ ਉਹ ਰੱਬੀ ਯਾਦ ਵਿੱਚ ਰਹਿਣ ਵਾਲੇ ਗਰੀਬ ਤੋਂ ਗਰੀਬ ਦੇ ਬਰਾਬਰ ਵੀ ਨਹੀਂ। "ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ"।।

39. **ਜਦ ਸਿੱਧਾ ਨੇ ਗੁਰੂ ਜੀ ਨੂੰ ਮੁੰਦ੍ਰਾ, ਝੋਲੀ, ਬਿਭੂਤਿ, ਖਿੰਥਾ, ਅਤੇ ਡੰਡਾ ਧਾਰਮਿਕ ਚਿਨ੍ਹਾਂ ਬਾਰੇ ਪੁਛਿਆ ਤਾਂ ਗੁਰੂ ਜੀ ਨੇ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ ਮੈਂ ਸੰਤੋਖ ਦੀਆਂ ਮੁੰਦਾ, ਕੜੀ ਮਿਹਨਤ ਦੀ ਝੋਲੀ, ਧਿਆਨ ਦੀ ਬਿਭੂਤਿ, ਕੁਆਰੀ ਕਾਇਆ ਦੀ ਕਫਨੀ ਅਤੇ ਜੁਗਤਿ ਦਾ ਡੰਡਾ ਰੱਖਿਆ ਹੋਇਆ ਹੈ। "ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।। ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ।।"

40. **ਗੁਰੂ ਜੀ ਨੇ ਰਿਧੀਆ ਸਿਧੀਆ ਬਾਰੇ ਜਪੁਜੀ ਅੰਦਰ ਕੀ ਖਿਆਲ ਦਿੱਤਾ ਹੈ?**

ਗੁਰੂ ਜੀ ਨੇ ਰਿਧੀਆ ਸਿਧੀਆ ਨੂੰ ਅਵਰਾ ਸਾਦ ਦੱਸਿਆ ਹੈ। "ਰਿਧਿ ਸਿਧਿ ਅਵਰਾ ਸਾਦ।।"

41. **ਨਾਮ ਜਪਣ ਨਾਲ ਕੀ ਪ੍ਰਾਪਤੀ ਹੁੰਦੀ ਹੈ?**

ਉਹ ਆਪ ਤਾਂ ਉਜਲੇ ਹੋ ਕੇ ਪ੍ਰਮਾਤਮਾ ਦੀ ਦਰਗਾਹ ਵਿੱਚ ਜਾਂਦੇ ਹੀ ਹਨ ਪਰ ਹੋਰ ਵੀ ਕਈਆਂ ਨੂੰ ਪ੍ਰਮਾਤਮਾ ਨਾਲ ਜੋੜ ਕੇ ਉਨ੍ਹਾਂ ਦੀ ਵਿਕਾਰਾਂ ਤੋਂ ਛੁੱਟੀ ਕਰਵਾ ਦਿੰਦੇ ਹਨ। "ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।। ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।।"

42. **ਗੁਰੂ ਜੀ ਨੇ ਜਪੁ ਬਾਣੀ ਅੰਦਰ ਕਿੰਨੇ ਚੰਦ ਅਤੇ ਸੂਰਜਾਂ ਦੀ ਗੱਲ ਕੀਤੀ ਹੈ?**

ਕਈ ਚੰਦ ਤੇ ਸੂਰਜਾਂ ਦੀ। "ਕੇਤੇ ਇੰਦ ਚੰਦ ਸੂਰ ਕੇਤੇ"।।

**43. ਗੁਰੂ ਜੀ ਨੇ ਜਪੁ ਬਾਣੀ ਅੰਦਰ ਕਿੰਨੀਆਂ ਖਾਣੀਆਂ ਦੀ ਗੱਲ ਕੀਤੀ ਹੈ?**

ਕਈ ਖਾਣੀਆਂ ਅਤੇ ਕਈ ਬਾਣੀਆਂ ਦੀ "ਕੇਤੀਆ ਖਾਣੀ ਕੇਤੀਆ ਬਾਣੀ"॥

**44. ਸਰਮ ਖੰਡ ਵਿੱਚ ਗੁਰੂ ਜੀ ਕਿਸ ਤਰ੍ਹਾਂ ਦੀ ਘਾੜਤ ਦੀ ਗੱਲ ਕਰਦੇ ਹਨ?**

ਗੁਰੂ ਜੀ ਦੱਸਦੇ ਹਨ ਕਿ ਸਰਮ ਖੰਡ ਵਿੱਚ ਪਹੁੰਚ ਕੇ ਇਨਸਾਨ ਦੀ ਬਹੁਤ ਹੀ ਸੁੰਦਰ ਘਾੜਤ ਘੜੀ ਜਾਂਦੀ ਹੈ। (ਅਤੇ ਉਥੇ ਪਹੁੰਚ ਕੇ ਸੁਰਤ, ਮਤਿ, ਮਨ ਅਤੇ ਬੁੱਧ ਉਚੇ ਹੋ ਜਾਂਦੇ ਹਨ।) "ਸਰਮ ਖੰਡ ਕੀ ਬਾਣੀ ਰੂਪੁ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ,॥ ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ"॥

**45. ਗੁਰੂ ਜੀ ਜਪੁ ਬਾਣੀ ਅੰਦਰ ਕੈਸਾ ਭਾਂਡਾ ਬਣਾਉਣ ਲਈ ਕਹਿੰਦੇ ਹਨ ਜਿਸ ਵਿੱਚ ਅੰਮ੍ਰਿਤ ਢਾਲਿਆ ਜਾ ਸਕੇ?**

ਗੁਰੂ ਜੀ ਕਹਿੰਦੇ ਹਨ ਕਿ ਪ੍ਰੇਮ ਦਾ ਭਾਂਡਾ ਬਣਾ ਫਿਰ ਇਸ ਵਿਚ ਅੰਮ੍ਰਿਤ ਨੂੰ ਟਿਕਾ। "ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥"

**46. ਗੁਰੂ ਜੀ ਧੌਲੇ ਬਲਦ ਰਾਹੀਂ ਧਰਤੀ ਨੂੰ ਚੱਕਣ ਦੀ ਜੋ ਗੱਲ ਜਪੁ ਬਾਣੀ ਅੰਦਰ ਕਰਦੇ ਹਨ ਕੀ ਉਹ ਸੱਚ ਹੈ ਜਾਂ ਮਨੋ ਕਲਪਿਤ?**

ਮਨੋਂ ਕਲਪਿਤ। ਗੁਰੂ ਜੀ ਨੇ ਇਹ ਪੁਰਾਣਾਂ ਦੀ ਗੱਲ ਕੀਤੀ ਹੈ ਅਤੇ ਆਪਣੀ ਅਸਹਿਮਤੀ ਦਿੱਤੀ ਹੈ।

**47. ਵਿਗਿਆਨੀ ਉਸ ਸ਼ਕਤੀ ਨੂੰ ਕੀ ਕਹਿੰਦੇ ਹਨ, ਜਿਸ ਦੇ ਆਸਰੇ ਧਰਤੀ ਖੜੀ ਹੈ?**

ਇਸ ਹੁਕਮੀ ਸ਼ਕਤੀ ਨੂੰ ਵਿਗਿਆਨ ਨੇ ਆਕਰਸ਼ਣ ਸ਼ਕਤੀ ਦਾ ਨਾਮ ਦਿੱਤਾ ਹੈ।

**48. ਸਭ ਕੁਝ ਹੀ ਹੁਕਮ ਵਿਚ ਹੈ ਤੋਂ ਕੀ ਭਾਵ ਅਰਥ ਹੈ?**

ਸਭ ਕੁਝ ਰੱਬੀ ਨਿਯਮ / ਰੱਬੀ ਵਿਧਾਨ / ਆਗਿਆ ਵਿਚ ਹੀ ਹੈ।

**49. ਉਤਮ ਨੀਚ ਮਨੁਖ ਰੱਬ ਨੇ ਬਣਾਏ ਹਨ ਜਾਂ ਆਪਣੇ ਚੰਗੇ ਮੰਦੇ ਕਰਮਾਂ ਕਰਕੇ ਬਣਦੇ ਹਨ?**

ਰੱਬੀ ਦਰਗਾਹ ਵਿੱਚ ਸੱਚ ਦਾ ਨਿਬੇੜਾ ਹੁੰਦਾ ਹੈ ਸੋ ਉਸਦੇ ਹੁਕਮ (ਨਿਯਮ) ਅਨੁਸਾਰ ਚੰਗੇ ਮੰਦੇ ਕਰਮਾਂ ਕਰਕੇ ਇਨਸਾਨ ਉਤਮ ਜਾਂ ਨੀਚ ਬਣਦੇ ਹਨ।

"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ"॥

**50. 'ਬਾਹਰਿ ਹੁਕਮ ਨ ਕੋਇ' ਤੋਂ ਕੀ ਭਾਵ ਹੈ?**

ਉਸ ਪਰਮਾਤਮਾ ਦੇ ਬਣਾਏ ਵਿਧੀ ਵਿਧਾਨ ਤੋਂ ਬਾਹਰ ਕੋਈ ਨਹੀ ਭੱਜ ਸਕਦਾ।

**51. "ਭਾਖਿਆ" ਤੋਂ ਕੀ ਭਾਵ ਹੈ?**

ਬੋਲੀ।

**52. "ਕਵਾਉ" ਤੋਂ ਕੀ ਭਾਵ ਹੈ?**

ਹੁਕਮ।

**53. ਜਪੁ ਬਾਣੀ ਅੰਦਰ ਕਿਹੜੇ ਪੰਜ ਖੰਡਾਂ ਦੀ ਗੱਲ ਕੀਤੀ ਗਈ ਹੈ?**

ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸਚਖੰਡ।

**54. ਜਪੁ ਦੀ ਪੰਗਤੀ "ਘੜੀਐ ਸਬਦ ਸਚੀ ਟਕਸਾਲ" ਵਿੱਚ ਸਬਦ ਤੋਂ ਕੀ ਭਾਵ ਹੈ?**

ਮਨ।

**55. ਜਪੁ ਬਾਣੀ ਅੰਦਰ ਨਾਨਕ ਦੇ "ਕ" ਨੂੰ ਔਂਕੜ ਕਿੰਨੀ ਵਾਰ ਆਇਆ ਹੈ?**

ਦੋ ਵਾਰੀ।

**56. ਬਾਣੀ ਜਪੁ ਅੰਦਰ ਆਈਆਂ ਨਾਨਕ ਦੇ ਕ ਨੂੰ ਔਂਕੜ ਵਾਲੀਆਂ ਕਿਹੜੀਆਂ ਤੁਕਾਂ ਆਈਆਂ ਹਨ?**

"ਨਾਨਕੁ ਨੀਚੁ ਕਹੈ ਵੀਚਾਰੁ॥" ਅਤੇ "ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥"

**57. ਵਿਆਕਰਣ ਦੇ ਆਧਾਰ ਤੇ ਨਾਨਕ ਦੇ "ਕ" ਨੂੰ ਔਂਕੜ ਕਦੋਂ ਨਹੀ ਆਉਂਦਾ?**

ਜਦੋਂ ਨਾਨਕ ਲਫਜ਼ ਸੰਬੋਧਨ ਵਿੱਚ ਹੋਵੇ ਜਾਂ ਨਾਨਕ ਨਾਲ ਕੋਈ ਸਬੰਧਕ ਹੋਵੇ।

**58. "ਮੰਨੈ ਤਰੈ ਤਾਰੇ ਗੁਰੁ ਸਿਖ" ਪੰਗਤੀ ਦੇ ਅਰਥ ਕਰੋ?**

ਗੁਰੂ ਆਪ (ਰੱਬੀ ਹੁਕਮ) ਮੰਨ ਕੇ ਤਰਦਾ ਹੈ ਅਤੇ ਮੰਨਣ ਵਾਲੇ ਸਿੱਖਾਂ ਨੂੰ ਤਾਰਦਾ ਹੈ।

**59. "ਭਰੀਐ ਹਥੁ ਪੈਰੁ ਤਨੁ ਦੇਹ॥" ਵਿੱਚ ਹਥ, ਪੈਰ, ਤਨ, ਅਤੇ ਦੇਹ ਸਾਰੇ ਹੀ ਨਾਮ ਹਨ ਫਿਰ ਦੇਹ ਦੇ 'ਹ' ਨੂੰ ਔਂਕੜ ਕਿਉਂ ਨਹੀ ਲਗੀ ਜਦ ਬਾਕੀ ਸਰਿਆਂ ਦੇ ਆਖਰੀ ਅੱਖਰ ਔਂਕੜ ਸਹਿਤ ਹਨ?**

ਕਿਉਕਿ "ਦੇਹ" ਇਸਤਰੀ ਲਿੰਗ ਹੈ ਅਤੇ ਬਾਕੀ ਸਾਰੇ ਪੁਲਿੰਗ ਹਨ।

**60. "ਲਖੁ ਲਖੁ ਗੇੜਾ ਆਖਅਹਿ" ਅਤੇ "ਲਖ ਹੋਵਹਿ ਲਖ ਵੀਸ" ਤੁਕਾਂ ਅੰਦਰ ਦੋ ਵਾਰੀ ਲੱਖ ਨੂੰ ਔਂਕੜ ਆਇਆ ਅਤੇ ਦੋ ਵਾਰੀ ਕਿਉ ਨਹੀ ਆਇਆ?**

ਕਿਉਂਕਿ ਲਖੁ ਇੱਕ ਲੱਖ ਦਾ ਲਖਾਇਕ ਹੈ ਅਤੇ ਲਖ ਕਈ ਲੱਖਾਂ ਦਾ ਲਿਖਾਇਕ ਹੈ।

**61. "ਕਰਮੀ ਆਵੈ ਕਪੜਾ" ਤੁਕ ਅੰਦਰ ਕਪੜਾ ਤੋਂ ਕੀ ਭਾਵ ਹੈ?**

ਸਿਫਤ-ਸਾਲਾਹ ਦਾ ਕਪੜਾ "ਸਿਫਤਿ ਸਰਮ ਕਾ ਕਪੜਾ ਮਾਗਉ"॥

**62. ਜਦੋਂ ਵੀ ਕਿਸੇ ਇੱਕ ਵਚਨ ਪੁਲਿੰਗ ਨਾਉਂ ਨੂੰ ਸਿਹਾਰੀ ਲੱਗੀ ਹੋਵੇ ਤਾਂ ਉਸਦਾ ਕੀ ਮਤਲਬ ਹੋਵੇਗਾ?**

ਉਹ ਸਿਹਾਰੀ - ਨੇ, ਨਾਲਿ, ਰਾਹੀਂ, ਦੁਆਰਾ, ਵਿੱਚ, ਉਪਰ, ਅੰਦਰ, ਤੋਂ ਆਦਿ ਦੇ ਅਰਥ ਕਰੇਗੀ।

ਜਿਵੇਃ ਮਨਿ - ਮੰਨ ਅੰਦਰ, ਦਰਿ - ਦਰ ਉਤੇ, ਧਰਮਿ - ਧਰਮ (ਫਿਰਕੇ) ਰਾਹੀਂ, ਦੋਜਕਿ - ਦੋਜਕ ਨੂੰ, ਜੁਗਤਿ - ਜੁਗਤ ਦੁਆਰਾ, ਆਦਿ।

**63. "ਵਿਣੁ ਗੁਣ ਕੀਤੇ ਭਗਤਿ ਨ ਹੋਇ" ਅਤੇ "ਰਤੇ ਤੇਰੇ ਭਗਤ ਰਸਾਲੇ" ਅੰਦਰ ਆਏ ਸਬਦ ਭਗਤਿ ਅਤੇ ਭਗਤ ਦਾ ਭੇਦ ਦੱਸਣਾ ਕਰੋ ਜੀ?**

"ਭਗਤਿ" ਦਾ ਮਤਲਬ ਭਗਤੀ ਹੈ ਅਤੇ ਭਗਤ ਦਾ ਮਤਲਬ ਬਹੁਤੇ ਭਗਤ (ਭਗਤੀ ਕਰਨ ਵਾਲੇ)।

## ਰਹਿਰਾਸ ਸਾਹਿਬ

1. **ਪੰਗਤੀ "ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥" ਤੋਂ ਕੀ ਭਾਵ ਹੈ?**

ਗੁਰੂ ਜੀ ਫਰਮਾਉਂਦੇ ਹਨ ਕਿ ਹਵਾ, ਪਾਣੀ, ਅੱਗ ਅਤੇ ਧਰਮ ਰਾਜ ਵੀ ਉਸ ਪ੍ਰਮਾਤਮਾ ਦੇ ਬਣਾਏ ਨਿਯਮਾਂ ਵਿਚ ਚੱਲ ਰਹੇ ਹਨ ਭਾਵ ਉਸ ਦੀ ਯਾਦ ਅੰਦਰ ਰਹਿੰਦੇ ਹੋਏ ਉਸ ਦਾ ਹੁਕਮ ਪੁਗਾ ਰਹੇ ਹਨ।

2. **ਹਰ ਕੋਈ ਕਹਿੰਦਾ ਹੈ ਕਿ ਪ੍ਰਭੂ ਬਹੁਤ ਵੱਡਾ ਹੈ, ਕੀ ਕਿਸੇ ਨੇ ਅੱਜ ਤੱਕ ਉਸ ਨੂੰ ਦੇਖਿਆ ਹੈ?**

ਨਹੀਂ ਜੀ। ਸਭ ਸੁਣ ਕੇ ਉਸ ਨੂੰ ਵੱਡਾ ਕਹਿ ਰਹੇ ਹਨ। "ਸੁਣਿ ਵਡਾ ਆਖੈ ਸਭੁ ਕੋਇ॥"(ਰੱਬ ਇੱਕ ਸ਼ਕਤੀ ਹੈ ਅਤੇ ਸ਼ਕਤੀ ਦੇਖੀ ਨਹੀ ਜਾ ਸਕਦੀ। ਉਸ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਵਰਤ ਕੇ ਲਾਭ ਲਿਆ ਜਾ ਸਕਦਾ ਹੈ)।

3. **ਰੱਬ ਆਪਣੀਆਂ ਦਾਤਾਂ ਜੀਵਾਂ ਨੂੰ ਵੰਡ ਰਿਹਾ ਹੈ ਕੀ ਇਹ ਕਦੇ ਖਤਮ ਹੋ ਜਾਣਗੀਆਂ ਜਾਂ ਘਟ ਜਾਣਗੀਆਂ?**

ਨਹੀਂ ਜੀ। "ਦੇਦਾ ਰਹੈ ਨ ਚੂਕੈ ਭੋਗੁ॥"

4. **"ਜੇਵਡੁ ਆਪਿ ਤੇਵਡ ਤੇਰੀ ਦਾਤਿ॥" ਤੋਂ ਕੀ ਭਾਵ ਹੈ?**

ਉਹ ਰੱਬ ਜੀ ਆਪ ਬਹੁਤ ਵੱਡੇ ਹਨ ਅਤੇ ਉਸ ਦੀਆਂ ਦਾਤਾਂ ਵੀ ਓਡੀਆਂ ਹੀ ਵੱਡੀਆਂ ਹਨ। ਜਿਵੇਂ ਦਿਨ ਅਤੇ ਰਾਤ ਕੋਈ ਨਹੀਂ ਬਣਾ ਸਕਿਆ। "ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥"

5. **ਜਮਾਂ ਦੇ ਵਸ ਕੌਣ ਪੈਂਦਾ ਹੈ?**

ਜਿਨ੍ਹਾਂ ਪ੍ਰਭੂ ਦੇ ਨਾਮ ਦਾ ਰਸ ਪ੍ਰਾਪਤ ਨਹੀਂ ਕੀਤਾ। "ਜਿਨਿ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ॥"

**6. ਜੋ ਸਤਿਗੁਰੂ ਜੀ ਦੀ ਸੰਗਤ ਵਿੱਚ ਨਹੀਂ ਆਉਂਦੇ, ਉਨ੍ਹਾਂ ਬਾਰੇ ਗੁਰੂ ਜੀ ਕੀ ਫਰਮਾਉਂਦੇ ਹਨ?**

ਗੁਰੂ ਜੀ ਕਹਿੰਦੇ ਹਨ ਕਿ ਉਨ੍ਹਾਂ ਦਾ ਜਿਉਣਾ ਧ੍ਰਿਗ ਹੈ। "ਜੋ ਸਤਿਗੁਰ ਸਰਣਿ ਸੰਗਤਿ ਨਹੀਂ ਆਏ ਧ੍ਰਿਗ ਜੀਵੇ ਧ੍ਰਿਗੁ ਜੀਵਾਸਿ॥"

**7. "ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥"ਤੋਂ ਕੀ ਭਾਵ ਹੈ?**

ਹੇ ਮੇਰੇ ਮਨ ਤੂੰ ਕਿਉਂ ਫਿਕਰ ਵਿੱਚ ਪਿਆ ਹੈਂ ਜਦ ਤੇਰੇ ਖਾਣ ਦਾ ਪ੍ਰਬੰਧ ਪ੍ਰਭੂ ਨੇ ਖੁਦ ਕੀਤਾ ਹੈ। (ਸੋ ਤੂੰ ਬੇ-ਪਰਵਾਹ ਹੋ ਕੇ ਰੱਬੀ ਯਾਦ ਅੰਦਰ ਕ੍ਰਿਤ ਕਰ, ਚਿੰਤਾ ਨਾ ਕਰ)।

ਨੋਟ:- ਸਿੱਖ ਨੇ ਬੇਪਰਵਾਹ ਹੋਣਾ ਹੈ, ਲਾਪਰਵਾਹ ਨਹੀਂ।

**8. "ਹਰਿ ਧਿਆਵਹੁ ਸੰਤਹੁ ਜੀ" ਪੰਗਤੀ ਅੰਦਰ 'ਸੰਤਹੁ' ਕਿਸ ਨੂੰ ਕਿਹਾ ਹੈ?**

ਗੁਰੂ ਦੀ ਸੰਗਤ ਨੂੰ।

**9. ਕੌਣ ਸਭ ਤਰਾਂ ਦੇ ਡਰ ਤੋਂ ਰਹਿਤ ਹੋ ਜਾਂਦਾ ਹੈ?**

ਜੋ ਉਸ ਨਿਰਭਉ ਪ੍ਰਭੂ ਨੂੰ ਯਾਦ ਰਖਦਾ ਹੈ। "ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ॥" ਅਤੇ "ਨਿਰਭਉ ਜਪੈ ਸਗਲ ਭਉ ਮਿਟੈ॥"

**10 . "ਅਵਰਿ ਕਾਜ ਤੇਰੈ ਕਿਤੇ ਨ ਕਾਮ" ਤੋਂ ਤੁਹਾਡਾ ਕੀ ਭਾਵ ਹੈ?**

ਸੁਕਿਰਤ ਕਰਨਾ ਤਾਂ ਗੁਰਮਤਿ ਦਾ ਮੂਲ ਸਿਧਾਂਤ ਹੈ, ਸੋ ਇਥੇ "ਅਵਰਿ ਕਾਜ" ਤੋਂ ਭਾਵ ਹੈ ਠੱਗੀ-ਵੱਗੀ ਵਾਲੀ ਸੋਚ ਜਾਂ ਦੂਸਰੇ ਦਾ ਹੱਕ ਮਾਰਨ/ਖੋਹਣ ਦੀ ਨੀਯਤ ਅਤੇ ਫੋਕੇ ਕਰਮ ਕਾਂਡ ਤੋਂ ਹੈ।

**11. "ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥" ਦਾ ਭਾਵ ਅਰਥ ਦੱਸੋ ਜੀ?**

ਪ੍ਰਭੂ ਆਪ ਹੀ ਸਾਰੀ ਸ੍ਰਿਸ਼ਟੀ ਸਿਰਜਦਾ ਹੈ ਅਤੇ ਆਪ ਹੀ ਖਤਮ ਕਰਨ ਵਾਲਾ ਹੈ।

**12. “ਸੁਣਿ” ਤੋਂ ਕੀ ਭਾਵ ਹੈ?**

ਸੁਣ ਕੇ।

**13. ਚੀਰਾ ਦਾ ਮਤਲਬ ਦੱਸੋ?**

ਪਸਾਰਾ।

**14. “ਇਕਿ ਦਾਤੇ ਇਕਿ ਭਿਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ” ਵਿੱਚ ‘ਇਕਿ’ ਦਾ ਕੀ ਅਰਥ ਹੈ?**

ਕਈ।

**15. ਜੇ ਸਭ ਰਲ ਕੇ ਉਸ ਪ੍ਰਭੂ ਦੀ ਸਿਫਤ ਸਲਾਹ ਕਰਨ ਤਾਂ ਕੀ ਉਹ ਰੱਬ ਵੱਡਾ ਜਾਂ ਛੋਟਾ ਹੋ ਜਾਵੇਗਾ?**

ਨਹੀਂ ਜੀ। “ਜੇ ਸਭਿ ਮਿਲਿ ਕੈ ਆਖਣ ਪਾਹਿ।। ਵਡਾ ਨ ਹੋਵੈ ਘਾਟਿ ਨ ਜਾਇ।।”

**16. ਜੋ ਉਸ ਪ੍ਰਭੂ ਨੂੰ ਵਿਸਾਰ ਦਿੰਦੇ ਹਨ, ਗੁਰੂ ਜੀ ਉਹਨਾਂ ਬਾਰੇ ਕੀ ਕਹਿੰਦੇ ਹਨ?**

ਗੁਰੂ ਜੀ ਕਹਿੰਦੇ ਹਨ, ਉਹ ਕਮਜਾਤ ਹਨ “ਖਸਮੁ ਵਿਸਾਰਹਿ ਤੇ ਕਮਜਾਤਿ” ਭਾਵ ਉਹ ਨੀਵੀਂ ਜਾਤ ਦੇ ਹਨ।

ਨੋਟ:- ਇੱਥੇ ਨੀਵੀਂ ਜਾਤ ਤੋਂ ਭਾਵ ਭੈੜੇ ਕੰਮ ਕਰਨ ਵਾਲਾ ਹੈ, ਨਾ ਕਿ ਜਾਤ ਪਾਤ ਤੋਂ।

**17. ਜੋ ਇਨਸਾਨ ਕੰਮ ਤਾਂ ਚੰਗੇ ਕਰਦਾ ਹੈ ਪਰ ਰੱਬ ਨੂੰ ਯਾਦ ਨਹੀ ਰੱਖਦਾ ਉਸ ਬਾਰੇ ਗੁਰਬਾਣੀ ਕੀ ਵੀਚਾਰ ਦਿੰਦੀ ਹੈ?**

ਉਸ ਦਾ ਹੰਕਾਰ ਹੀ ਉਸਦੇ ਗੁਣਾਂ ਨੂੰ ਖਾ ਜਾਂਦਾ ਹੈ ਅਤੇ ਉਸ ਦੇ ਗੁਣ ਖਤਮ ਹੋ ਜਾਂਦੇ ਹਨ “ਹਰਿ ਬਿਸਰਤ ਤੇਰੇ ਗੁਣ ਗਲਿਆ।।”

**18. ਮਨੁੱਖਾ ਸਰੀਰ ਇਨਸਾਨ ਨੂੰ ਕਿਸ ਲਈ ਮਿਲਿਆ ਹੈ?**

ਪ੍ਰਮਾਤਮਾ ਨੂੰ ਮਿਲਣ ਲਈ। “ਭਈ ਪਰਾਪਤਿ ਮਾਨੁਖ ਦੇਹੁਰੀਆ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।”

**19. ਇਸ ਸੰਸਾਰ ਤੋਂ ਲਾਹਾ ਖਟ ਕੇ, ਭਾਵ ਖ਼ੁਸ਼ੀ ਦੀ ਜ਼ਿੰਦਗੀ ਕੌਣ ਬਤੀਤ ਕਰਕੇ ਜਾਂਦਾ ਹੈ ਅਤੇ ਕੌਣ ਗੁਆ ਕੇ, ਭਾਵ ਰੋਂਦਾਂ ਧੋਂਦਾਂ ਜਾਂਦਾ ਹੈ?**

ਗੁਰਮੁਖ ਖ਼ੁਸ਼ੀ ਖ਼ੁਸ਼ੀ ਜ਼ਿੰਦਗੀ ਬਤੀਤ ਕਰਦਾ ਹੈ ਅਤੇ ਮਨਮੁਖ ਰੋਂਦਾ ਧੋਂਦਾ ਜ਼ਿੰਦਗੀ ਬਤੀਤ ਕਰਕੇ ਭਾਵ ਸਭ ਕੁਝ ਗੁਆ ਕੇ ਚਲਾ ਜਾਂਦਾ ਹੈ। "ਗੁਰਮੁਖਿ ਲਾਧਾ ਮਨਮੁਖਿ ਗਵਾਇਆ"।।

**20. ਰੱਬ ਜੀ ਨੇ ਜੀਵ ਜੰਤ ਕਿਸ ਲਈ ਪੈਦਾ ਕੀਤੇ ਹਨ?**

ਖੇਡ ਖੇਡਣ ਲਈ "ਜੀਅ ਜੰਤ ਸਭਿ ਤੇਰਾ ਖੇਲੁ।।"

**21. ਰਹਿਰਾਸ ਸਾਹਿਬ ਵਿੱਚ ਗੁਰੂ ਜੀ ਨੇ ਸੰਸਾਰ ਸਮੁੰਦਰ ਵਿੱਚ ਪਾਣੀ ਦੀ ਜਗ੍ਹਾ ਕੀ ਪਾਉਣ ਦੀ ਗੱਲ ਕੀਤੀ ਹੈ?**

ਪਾਵਕ (ਅੱਗ) ਭਾਵ ਸੰਸਾਰ ਵਿਕਾਰਾਂ ਦੀ ਅੱਗ ਦਾ ਸਮੁੰਦਰ ਹੈ। "ਪਾਣੀ ਪਾਵਕੁ ਤਿਨਹਿ ਕੀਆ।।"

**22. ਜਿਨ੍ਹਾਂ ਨੇ ਰੱਬੀ ਨਾਮ ਜਪਿਆ ਉਨਾਂ ਨੂੰ ਕੀ ਪ੍ਰਾਪਤ ਹੁੰਦਾ ਹੈ?**

ਉਨ੍ਹਾਂ ਨੇ ਹੀ ਸੁਖ ਪ੍ਰਾਪਤ ਕੀਤਾ ਹੈ। "ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ।।"

# ਸੋਹਿਲਾ ਸਾਹਿਬ

1. **ਜਦੋਂ ਜਗਨ ਨਾਥ ਦੇ ਮੰਦਰ ਵਿੱਚ ਪੰਡਤ ਨੂੰ ਗੁਰੂ ਜੀ ਨੇ ਕਿਹਾ ਕਿ ਆਰਤੀ ਤਾਂ ਅਪਣੇ ਆਪ ਹੋ ਰਹੀ ਹੈ ਤਾਂ ਉਸ ਸਮੇ ਪੰਡਤ ਵਲੋਂ ਸਮਗਰੀ ਥਾਲ, ਦੀਵੇ, ਫੁੱਲ ਆਦਿ ਬਾਰੇ ਪੁੱਛਣ ਤੇ ਗੁਰੂ ਜੀ ਨੇ ਕੀ ਉਤਰ ਦਿਤਾ?**

ਗੁਰੂ ਜੀ ਨੇ ਕਿਹਾ, ਆਕਾਸ਼ ਨੂੰ ਥਾਲ, ਸੂਰਜ ਅਤੇ ਚੰਦ ਦੋ ਦੀਵੇ, ਤਾਰਿਆਂ ਨੂੰ ਮੋਤੀ ਮੰਨੋ। ਅਤੇ ਮਾਨੋ ਮਲਆਨਲੋ ਪਰਬਤ ਧੂਪ, ਹਵਾ ਚਵਰ ਅਤੇ ਬਨਸਪਤੀ ਫੁੱਲਾਂ ਦੀ ਸੁਗੰਧੀ ਦੇ ਰਹੇ ਹਨ।

2. **ਸਾਕਤ ਮਨੁੱਖ ਨੂੰ ਹਰੀ ਦੇ ਰਸ ਦਾ ਸੁਆਦ ਕਿਉਂ ਨਹੀਂ ਆਉਂਦਾ?**

ਕਿਉਂਕਿ ਉਸ ਦੇ ਅੰਦਰ ਹਉਮੈ ਦਾ ਕੰਡਾ ਚੁਭਿਆ ਪਿਆ ਹੈ। "ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ"॥

3. **"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ॥" ਵਿੱਚ "ਅਨਦਿਨੋੁ" ਦੇ 'ਨ' ਨੂੰ ਦੋ ਮਾਤਰਾ ਕਿਉਂ ਲਾਈਆਂ ਗਈਆਂ ਹਨ?**

ਮਾਤਰਿਕ ਛੰਦ ਦੇ ਤੋਲ ਨੂੰ ਸਹੀ ਰੱਖਣ ਲਈ।

4. **ਅਨਦਿਨੋੁ ਦੇ 'ਨ' ਨੂੰ ਕਿਹੜੀ ਮਾਤਰਾ ਦਾ ਉਚਾਰਨ ਕਰਨਾ ਹੈ?**

ਹੋੜੇ ਦੀ ਮਾਤਰਾ ਦਾ ਉਚਾਰਨ ਕਰਨਾ ਹੈ।

5. **ਸਾਨੂੰ ਕਿਸ ਤਰਾਂ ਪਤਾ ਲਗੇ ਕਿ ਦੋ ਮਾਤਰੇ ਅੱਖਰ ਦੀ ਕਿਹੜੀ ਮਾਤਰਾ ਬੋਲਣੀ ਹੈ?**

ਗੁਰਬਾਣੀ ਵਿਆਕਰਣ ਅਨੁਸਾਰ ਅੱਖਰ ਦੇ ਅਸਲ ਸਰੂਪ ਤੋਂ ਉਲਟਾ ਬੋਲਣਾ ਹੈ ਜਿਵੇ ਅੱਖਰ ਦਾ ਅਸਲ ਸਰੂਪ ਅਨਦਿਨੁ ਹੈ ਪਰ ਬੋਲਣਾ ਅਨਦਿਨੋ ਹੈ।

**6. "ਜੈ ਘਰਿ" ਅਤੇ "ਛਿਅ ਘਰ" ਅਤੇ "ਸੋ ਘਰੁ" ਪੰਗਤੀਆ ਵਿੱਚ ਘਰ ਸ਼ਬਦ ਵੱਖ-ਵੱਖ ਤਰਾਂ ਕਿਉਂ ਆਇਆ ਹੈ?**

ਘਰਿ ਦਾ ਮਤਲਬ ਘਰ ਅੰਦਰ ਅਤੇ ਘਰ ਦਾ ਮਤਲਬ ਬਹੁਤੇ ਘਰ। ਘਰੁ ਦਾ ਮਤਲਬ ਇੱਕ ਘਰ ਹੈ।

**7. "ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ" ਵਿੱਚ ਮੀਤਾ ਕਿਸ ਨੂੰ ਕਿਹਾ ਗਿਆ ਹੈ?**

ਇਥੇ ਮੀਤਾ (ਮਿੱਤਰ) ਮਨ ਨੂੰ ਕਿਹਾ ਗਿਆ ਹੈ।

**8. ਤੁਕਾਂ ਪੂਰੀਆਂ ਕਰੋ-**

1. "ਭਰੀਐ ਮਤਿ ਪਾਪਾ ਕੈ ਸੰਗਿ....."

   ਓਹੁ ਧੋਪੈ ਨਾਵੈ ਕੈ ਰੰਗਿ॥

2. "ਸੁਣਿਆ ਮੰਨਿਆ ਮਨਿ ਕੀਤਾ ਭਾਉ....."

   ਅੰਤਰਗਤਿ ਤੀਰਥਿ ਮਲਿ ਨਾਉ॥

3. "ਕੇਤਿਆ ਦੂਖ ਭੂਖ ਸਦ ਮਾਰ....."

   ਏਹਿ ਭਿ ਦਾਤਿ ਤੇਰੀ ਦਾਤਾਰ॥

4. "ਗਿਆਨ ਖੰਡ ਮਹਿ ਗਿਆਨੁ ਪਰਚੰਡੁ....."

   ਤਿਥੈ ਨਾਦ ਬਿਨੋਦ ਕੋਡ ਅਨੰਦੁ॥

5. "ਤਾ ਕੀਆ ਗਲਾ ਕਥੀਆ ਨ ਜਾਹਿ....."

   ਜੇ ਕੋ ਕਹੈ ਪਿਛੈ ਪਛੁਤਾਇ॥

6. "ਅਸੰਖ ਗਲਵਢ ਹਤਿਆ ਕਮਾਹਿ.....॥"

   ਅਸੰਖ ਪਾਪੀ ਪਾਪੁ ਕਰ ਜਾਹਿ॥

7. “ਜੇਤਾ ਕੀਤਾ ਤੇਤਾ ਨਾਉ.....”

ਵਿਣੁ ਨਾਵੈ ਨਾਹੀ ਕੋ ਥਾਉ॥

8. “ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ.....”

ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥

9. “ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ.....”

ਤਿਨ ਕਾ ਭਉ ਸਭੁ ਗਵਾਸੀ॥

10. “ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ.....”

ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ॥

# ਆਸਾ ਕੀ ਵਾਰ

1. **ਆਸਾ ਕੀ ਵਾਰ ਕਿਸ ਗੁਰੂ ਸਾਹਿਬ ਦੀ ਉਚਾਰਨ ਕੀਤੀ ਹੋਈ ਹੈ?**

   ਆਸਾ ਕੀ ਵਾਰ ਗੁਰੂ ਨਾਨਕ ਦੇਵ ਜੀ ਦੀ ਉਚਾਰਨ ਕੀਤੀ ਹੋਈ ਹੈ।

2. **ਕੀ ਪਾਉੜੀਆਂ ਨਾਲ ਉਚਾਰਨ ਕੀਤੇ ਹੋਏ ਸਾਰੇ ਸਲੋਕ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ?**

   ਨਹੀਂ ਜੀ। ਇਸ ਵਿੱਚ 44 ਸਲੋਕ ਗੁਰੂ ਨਾਨਕ ਦੇਵ ਜੀ ਦੇ ਅਤੇ 15 ਸਲੋਕ ਗੁਰੂ ਅੰਗਦ ਦੇਵ ਜੀ ਦੇ ਉਚਾਰਨ ਕੀਤੇ ਹੋਏ ਹਨ।

3. **ਆਸਾ ਕੀ ਵਾਰ ਦੀਆਂ ਕਿੰਨੀਆਂ ਪਾਉੜੀਆਂ ਹਨ?**

   ਆਸਾ ਕੀ ਵਾਰ ਦੀਆਂ ਕੁੱਲ 24 ਪਾਉੜੀਆਂ ਹਨ ਜੋ ਗੁਰੂ ਨਾਨਕ ਦੇਵ ਜੀ ਦੀਆਂ ਉਚਾਰਨ ਕੀਤੀਆਂ ਹੋਈਆਂ ਹਨ।

4. **ਆਸਾ ਕੀ ਵਾਰ ਨੂੰ ਕਿਸ ਦੀ ਧੁਨੀ ਉਪਰ ਗਾਉਣ ਦੀ ਹਦਾਇਤ ਕੀਤੀ ਗਈ ਹੈ?**

   ਆਸਾ ਕੀ ਵਾਰ ਨੂੰ ਗੁਰੂ ਸਾਹਿਬ ਜੀ ਨੇ ਟੁੰਡੇ ਅਸ ਰਾਜੇ ਕੀ ਧੁਨੀ ਉਪਰ ਗਾਉਣ ਦੀ ਹਦਾਇਤ ਕੀਤੀ ਹੈ।

5. **ਕੀ ਗੁਰਬਾਣੀ ਕਿਸੇ ਇਨਸਾਨ ਦਾ ਸੁਭਾਅ ਬਦਲਣ ਦੇ ਸਮਰੱਥ ਹੈ?**

   ਗੁਰਬਾਣੀ ਕਿਸੇ ਵੀ ਆਮ ਆਦਮੀ ਨੂੰ ਦੇਵਤਾ ਬਣਾ ਸਕਦੀ ਹੈ ਅਤੇ ਦੇਵਤਾ ਬਣਾਉਣ ਲੱਗਿਆਂ ਦੇਰੀ ਵੀ ਨਹੀਂ ਲਾਉਂਦੀ। "ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥ ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥" (ਪੰਨਾ 462)

6. **ਉਪਰੋਕਤ ਪੰਕਤੀ ਵਿੱਚ "ਵਾਰ" ਲਫਜ ਦੋ ਵਾਰੀ ਆਇਆ ਹੈ। ਦੋਹਾਂ ਦੇ ਕੀ ਅਰਥ ਹਨ?**

   ਸਦ ਵਾਰ – ਸੌ ਵਾਰੀ ਅਤੇ ਦੂਸਰੇ ਵਾਰ ਦਾ ਮਤਲਬ ਹੈ – ਦੇਰ, ਚਿਰ।

**7. ਕੀ ਸੈਂਕੜੇ ਚੰਦਰਮਾਂ ਅਤੇ ਹਜ਼ਾਰਾਂ ਸੂਰਜ ਮਿਲ ਕੇ ਇਨਸਾਨ ਦਾ ਅੰਦਰੂਨੀ ਹਨੇਰਾ ਦੂਰ ਕਰ ਸਕਦੇ ਹਨ? ਜੇ ਨਹੀਂ ਤਾਂ ਇਹ ਕਿਵੇਂ ਦੂਰ ਹੋ ਸਕਦਾ ਹੈ?**

ਨਹੀਂ ਜੀ, ਇਨਸਾਨ ਦੀ ਅੰਦਰੂਨੀ ਅਗਿਆਨਤਾ ਦਾ ਹਨੇਰਾ ਸਿਰਫ ਤੇ ਸਿਰਫ ਗੁਰੂ ਹੀ ਦੂਰ ਕਰ ਸਕਦਾ ਹੈ ਹੋਰ ਕੋਈ ਵੀ ਇੰਨਾਂ ਸਮਰੱਥ ਨਹੀਂ।

**8. ਪ੍ਰਮਾਤਮਾ ਦੀ ਸਾਜਨਾ ਕਿਸ ਨੇ ਕੀਤੀ?**

ਪ੍ਰਮਾਤਮਾ ਨੇ ਆਪਣੀ ਸਾਜਨਾ ਖੁਦ ਆਪ ਹੀ ਕੀਤੀ ਹੈ। "ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥" (ਪੰਨਾ 463)

**9. ਸ੍ਰਿਸ਼ਟੀ ਦੀ ਰਚਨਾ ਕਿਸ ਨੇ ਕੀਤੀ ਹੈ?**

ਪ੍ਰਮਾਤਮਾ ਨੇ ਆਪਣੀ ਸਾਜਨਾ ਤੋਂ ਬਾਅਦ ਸ੍ਰਿਸ਼ਟੀ ਦੀ ਰਚਨਾ ਕੀਤੀ।

**10. ਜੋ ਮਨੁੱਖ ਪ੍ਰਮਾਤਮਾ ਨੂੰ ਯਾਦ ਨਹੀਂ ਕਰਦੇ ਅਤੇ ਆਪਣੇ ਆਪ ਵਿੱਚ ਚਤੁਰ ਬਣਦੇ ਹਨ, ਉਨ੍ਹਾਂ ਬਾਰੇ ਗੁਰੂ ਜੀ ਕੀ ਕਹਿੰਦੇ ਹਨ?**

ਗੁਰੂ ਜੀ ਆਸਾ ਕੀ ਵਾਰ ਅੰਦਰ ਫਰਮਾਉਂਦੇ ਹਨ ਕਿ ਅਜਿਹੇ ਮਨੁੱਖਾਂ ਦਾ ਹਾਲ ਬੁਆੜ ਦੇ ਬੂਟੇ ਵਾਲਾ ਹੁੰਦਾ ਹੈ ਕਿਉਂਕਿ ਜੋ ਗੁਰੂ ਦੀ ਰਹਿਬਰੀ ਦੀ ਲੋੜ ਨਹੀਂ ਸਮਝਦੇ ਉਹਨਾਂ ਦੇ ਸੈਂਕੜੇ ਵਿਕਾਰ ਖਸਮ ਬਣ ਜਾਂਦੇ ਹਨ ਜੋ ਉਸ ਦੀ ਮਾਨਸਿਕ ਸ਼ਾਂਤੀ ਭੰਗ ਕਰ ਦਿੰਦੇ ਹਨ।

**11. ਰੱਬੀ ਕੁਦਰਤ ਨੂੰ ਬਿਆਨ ਕਿਉਂ ਨਹੀਂ ਕੀਤਾ ਜਾ ਸਕਦਾ?**

ਕਿਉਂਕਿ ਰੱਬ ਜੀ ਨੇ ਸਾਰੀ ਰਚਨਾ ਆਪਣੇ ਹੁਕਮ ਵਿੱਚ ਰਚੀ ਹੈ ਸੋ ਉਸ ਬਾਰੇ ਉਹ ਖੁਦ ਹੀ ਜਾਣਦੇ ਹਨ। ਹੋਰ ਕੋਈ ਉਸ ਬਾਰੇ ਨਾ ਜਾਣ ਸਕਿਆ ਹੈ ਤੇ ਨਾ ਹੀ ਜਾਣ ਸਕਦਾ ਹੈ।

**12. ਪ੍ਰਮਾਤਮਾ ਕਿਸ ਜਗ੍ਹਾ ਰਹਿੰਦਾ ਹੈ?**

ਇਸ ਸੰਸਾਰ ਨੂੰ ਪ੍ਰਭੂ ਨੇ ਆਪ ਹੀ ਪੈਦਾ ਕੀਤਾ ਹੈ ਤੇ ਇਸ ਦੀ ਰਚਨਾ ਦੇ ਅੰਦਰ ਹੀ ਰਹਿੰਦਾ ਹੈ। "ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥" (ਪੰਨਾ 463)

**13. ਰੱਬੀ ਦਰਗਾਹ ਤੇ ਕੌਣ ਜਿੱਤਦਾ ਤੇ ਕੌਣ ਹਾਰਦਾ ਹੈ?**

ਜੋ ਮਨੁੱਖ ਹਰ ਸਮੇਂ ਰੱਬ ਨੂੰ ਯਾਦ ਰੱਖਦੇ ਹਨ ਭਾਵ ਉਸ ਦੀ ਰਜ਼ਾ ਵਿੱਚ ਰਹਿੰਦੇ ਹਨ ਉਹ ਜਿੱਤ ਜਾਂਦੇ ਹਨ ਤੇ ਜੋ ਠੱਗੀਆਂ ਮਾਰਦੇ ਹਨ ਉਹ ਹਾਰ ਜਾਂਦੇ ਹਨ। "ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ।।" (ਅੰਗ 463)

**14. ਪ੍ਰਮਾਤਮਾ ਨੂੰ ਮਿਲਣਾ ਹੋਵੇ ਤਾਂ ਉਹ ਕਿੱਥੇ ਮਿਲਦਾ ਹੈ?**

ਉਹ ਕੁਦਰਤ ਵਿੱਚ ਆਸਣ ਜਮਾਂ ਕੇ ਸਾਰਾ ਤਮਾਸ਼ਾ ਦੇਖ ਰਿਹਾ ਹੈ। ਸੋ ਉਸ ਨੂੰ ਮਿਲਣ ਲਈ ਕੁਦਰਤ ਵਿੱਚੋਂ ਹੀ ਮਹਿਸੂਸ ਕਰਨਾ ਪਵੇਗਾ।

**15. ਰੱਬੀ ਦਰਗਾਹ ਵਿੱਚ ਕਿਸ ਤਰ੍ਹਾਂ ਇਨਸਾਫ ਹੁੰਦਾ ਹੈ?**

ਰੱਬੀ ਦਰਗਾਹ ਵਿੱਚ ਸੱਚ ਦਾ ਨਬੇੜਾ ਹੁੰਦਾ ਹੈ। ਉਥੇ ਸੱਚਿਆਂ ਨੂੰ ਆਦਰ ਮਿਲਦਾ ਹੈ ਅਤੇ ਮੰਦ-ਕਰਮੀਆਂ ਨੂੰ ਚੁਣ ਕੇ ਵੱਖ ਕਰ ਦਿੱਤਾ ਜਾਂਦਾ ਹੈ।

**16. "ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਧਾਇਆ।।" ਪੰਕਤੀ ਵਿੱਚ ਭੋਗ ਤੇ ਭੋਗਿ ਵਿੱਚ ਕੀ ਫਰਕ ਹੈ?**

ਭੋਗ ਦਾ ਅਰਥ ਹੈ ਪਦਾਰਥਾਂ ਦੇ ਭੋਗ ਅਤੇ ਭੋਗਿ ਦਾ ਮਤਲਬ ਮਾਣ ਕੇ (ਵਰਤ ਕੇ)।

**17. ਰੱਬੀ ਅਸਚਰਜ ਤਮਾਸ਼ਿਆਂ ਨੂੰ ਕੌਣ ਸਮਝ ਸਕਦਾ ਹੈ?**

ਜਿਸ ਦੇ ਬਹੁਤ ਵੱਡੇ ਭਾਗ ਹੋਣ ਉਹ ਹੀ ਰੱਬੀ ਅਸਚਰਜਤਾ ਨੂੰ ਸਮਝ ਸਕਦਾ ਹੈ।

**18. ਗੁਰਬਾਣੀ ਅਨੁਸਾਰ ਆਪਣਾ ਮਨੁੱਖਾ ਜਨਮ ਕੌਣ ਗੁਆ ਲੈਂਦਾ ਹੈ?**

ਗੁਰੂ ਦੇ ਗਿਆਨ ਤੋਂ ਹੀਣਾ ਮਨ ਦਾ ਅੰਧਾ ਜੀਵ ਆਪਣਾ ਕੀਮਤੀ ਜਨਮ ਗੁਆ ਕੇ ਸੰਸਾਰ ਤੋਂ ਚਲਾ ਜਾਂਦਾ ਹੈ।

**19. ਆਸਾ ਕੀ ਵਾਰ ਅੰਦਰ ਆਉਂਦਾ ਹੈ ਕਿ ਸਾਰੀ ਸ਼੍ਰਿਸ਼ਟੀ ਰੱਬੀ ਭੈ ਵਿੱਚ ਚਲ ਰਹੀ ਹੈ। ਸੋ ਇੱਥੇ ਭੈ ਤੋਂ ਕੀ ਭਾਵ ਹੈ?**

ਇਥੇ ਭੈ ਤੋਂ ਭਾਵ ਹੈ ਰੱਬੀ ਹੁਕਮ (ਸਿਸਟਮ)। ਇੱਕ ਪ੍ਰਮਾਤਮਾ ਹੈ ਜੋ ਕਿਸੇ ਦੇ ਹੁਕਮ ਵਿੱਚ ਨਹੀਂ ਹੈ।

**20. ਉਸ ਪ੍ਰਮਾਤਮਾ ਦਾ ਗਿਆਨ ਕਿਵੇਂ ਪ੍ਰਾਪਤ ਹੋ ਸਕਦਾ ਹੈ?**

ਨਿਰੀਆਂ ਗੱਲਾਂ ਜਾਂ ਧਾਰਮਿਕ ਕਰਮ ਕਾਂਡਾਂ ਨਾਲ ਰੱਬੀ ਗਿਆਨ ਨਹੀਂ ਮਿਲਦਾ ਬਲਕਿ ਉਸ ਨੂੰ ਬਿਆਨ ਕਰਨਾ ਇਉਂ ਹੈ ਜਿਵੇਂ ਲੋਹਾ ਚੱਬਣਾ ਔਖਾ ਹੈ। ਹਾਂ ਜੇ ਰੱਬੀ ਮਿਹਰ ਹੋ ਜਾਏ ਤਾਂ ਰੱਬ ਜੀ ਜੀਵ ਨੂੰ ਸਤਿਗੁਰੂ ਨਾਲ ਮਿਲਾ ਦੇਂਦੇ ਹਨ ਅਤੇ ਫਿਰ ਜੀਵ ਸ਼ਬਦ ਰਾਂਹੀ ਆਪਾ ਭਾਵ ਮਿਟਾ ਦਿੰਦਾ ਹੈ। ਇਸ ਤਰਾਂ ਸਤਿਗੁਰੂ ਦੇ ਮਿਲਾਪ ਨਾਲ ਪ੍ਰਭੂ ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ।

**21. ਹਰੇਕ ਜੀਵ ਆਪਣੀ ਭਲਾਈ ਤਾਂ ਚਾਹੁੰਦਾ ਹੀ ਹੈ ਸੋ ਇਸ ਦੀ ਪ੍ਰਾਪਤੀ ਲਈ ਗੁਰੂ ਸਾਹਿਬ ਕੀ ਕਰਨ ਦੀ ਹਦਾਇਤ ਕਰਦੇ ਹਨ?**

ਜੋ ਜੀਵ ਆਪਣੀ ਭਲਿਆਈ ਚਾਹੁੰਦਾ ਹੈ ਗੁਰੂ ਸਾਹਿਬ ਉਸ ਨੂੰ ਆਪਣਾ ਮਨ ਨੀਵਾਂ ਰੱਖ ਕੇ ਪ੍ਰਮਾਤਮਾ ਦਾ ਨਾਮ ਜਪ ਕੇ ਪੁੰਨ ਕਰਮ ਕਰਨ ਦੀ ਹਦਾਇਤ ਕਰਦੇ ਹਨ।

**22. ਮੁਸਲਮਾਨ ਮੱਤ ਅਨੁਸਾਰ ਜੋ ਮੁਰਦੇ ਸਾੜੇ ਜਾਂਦੇ ਹਨ ਉਹ ਦੋਜਕ ਵਿੱਚ ਵੀ ਸੜਦੇ ਹਨ। ਇਸ ਬਾਰੇ ਗੁਰੂ ਜੀ ਨੇ ਕੀ ਵਿਚਾਰ ਪੇਸ਼ ਕੀਤੇ ਹਨ?**

ਗੁਰੂ ਜੀ ਨੇ ਸਮਝਾਇਆ ਕਿ ਇਸ ਤਰ੍ਹਾਂ ਨਹੀਂ ਹੁੰਦਾ। ਜੇ ਇਸ ਤਰ੍ਹਾਂ ਹੋਵੇ ਤਾਂ ਫਿਰ ਜੋ ਮੁਰਦੇ ਦਬਾਏ ਜਾਂਦੇ ਹਨ ਉਹ ਵੀ ਕੁਝ ਸਮੇਂ ਬਾਅਦ ਮਿੱਟੀ ਬਣ ਜਾਂਦੇ ਹਨ ਅਤੇ ਉਸੇ ਮਿੱਟੀ ਦੇ ਘੁਮਿਆਰ ਭਾਂਡੇ ਤੇ ਇੱਟਾਂ ਬਣਾਉਂਦੇ ਹਨ ਜੋ ਅੱਗ ਵਿੱਚ ਸੜਦੇ ਹਨ। ਗੁਰੂ ਸਾਹਿਬ ਨੇ ਕਿਹਾ ਕਿ ਇਹ ਤਾਂ ਮੁਰਦਾ ਸਾਂਭਣ ਦੇ ਵੱਖ-ਵੱਖ ਢੰਗ ਹਨ।

ਨੋਟਃ ਗੁਰੂ ਅਮਰਦਾਸ ਜੀ ਨੇ ਇਸ ਨੂੰ ਸਪੱਸ਼ਟ ਕੀਤਾ ਹੈ। "ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ।"

**23. ਗੁਰਬਾਣੀ ਅਨੁਸਾਰ ਕੀ ਗੁਰੂ ਤੋਂ ਬਿਨ੍ਹਾਂ ਰੱਬ ਨੂੰ ਪਾਇਆ ਜਾ ਸਕਦਾ ਹੈ?**

ਨਹੀਂ ਜੀ। "ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ।।" (ਪੰਨਾ 466)

**24. ਜਦੋਂ ਇਨਸਾਨ ਨੂੰ ਆਪਣੀ ਹਊਮੈ ਦੀ ਸਮਝ ਪੈਦੀਂ ਹੈ ਤਾਂ ਫਿਰ ਇਸ ਨਾਲ ਉਸ ਦੇ ਜੀਵਨ ਵਿੱਚ ਕੀ ਤਬਦੀਲੀ ਆਉਂਦੀ ਹੈ?**

ਜਦ ਮਨੁੱਖ ਆਪਣੀ ਹਊਮੈ ਨੂੰ ਬੁਝ ਲੈਂਦਾ ਹੈ ਤਾਂ ਉਸ ਨੂੰ ਰੱਬੀ ਦਰਵਾਜਾ ਦਿਸ ਪੈਂਦਾ ਹੈ। "ਹਊਮੈ ਬੂਝੈ ਤਾ ਦਰੁ ਸੂਝੈ।।" (ਪੰਨਾ 466)

**25. ਗੁਰਬਾਣੀ ਅਨੁਸਾਰ ਅਸਲ ਵਿੱਚ ਪ੍ਰਭੂ ਦੀ ਸੇਵਾ ਕੌਣ ਕਰਦੇ ਹਨ?**

ਸੰਤੋਖੀ ਮਨੁੱਖ ਸਦਾ ਇਕ ਅਭਿਨਾਸ਼ੀ ਪ੍ਰਭੂ ਨੂੰ ਸਿਮਰਦੇ ਹੋਏ ਹੀ ਅਸਲ ਸੇਵਾ ਕਰਦੇ ਹਨ। "ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ।" (ਪੰਨਾ 467)

**26. ਹਉਮੈ ਕਿਥੋਂ ਪੈਦਾ ਹੁੰਦੀ ਹੈ ਤੇ ਕਿਵੇਂ ਦੂਰ ਹੋ ਸਕਦੀ ਹੈ?**

ਭੂਤ ਕਾਲ ਵਿੱਚ ਕੀਤੇ ਕਰਮਾਂ ਅਨੁਸਾਰ ਸੰਸਕਾਰ ਬਣੇ ਹੁੰਦੇ ਹਨ ਅਤੇ ਮਨੁੱਖ ਉਸੇ ਤਰ੍ਹਾਂ ਹੀ ਆਪਣੀ ਹਉਮੈ (ਵਿਲੱਖਣਤਾ) ਰੱਖਣੀ ਚਾਹੁੰਦਾ ਹੈ।

ਗੁਰੂ ਸਾਹਿਬ ਕਹਿੰਦੇ ਹਨ ਕਿ ਹਉਮੈ ਲੰਮਾ ਰੋਗ ਜਰੂਰ ਹੈ ਪਰ ਲਾ-ਇਲਾਜ ਨਹੀਂ। ਜੇ ਮਨੁੱਖ ਗੁਰੂ ਦਾ ਸ਼ਬਦ ਕਮਾਏ (ਜਪੇ) ਤਾਂ ਪ੍ਰਮਾਤਮਾ ਆਪਣੀ ਕ੍ਰਿਪਾ ਨਾਲ ਇਸ ਨੂੰ ਦੂਰ ਕਰ ਦਿੰਦਾ ਹੈ। "ਹਊਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।। ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।।" (ਪੰਨਾ 466)

**27. ਮਨੁੱਖ, ਰੁੱਖ, ਤੀਰਥ, ਤਟ (ਨਦੀਆਂ), ਬੱਦਲ, ਖੇਤ, ਦੀਪ, ਲੋਕ ਮੰਡਲ, ਖੰਡ, ਬ੍ਰਹਿਮੰਡ, ਸਰ, ਮੇਰ (ਪਰਬਤ) ਆਦਿ ਜੀਵ ਜੋ ਅੰਡੇ, ਜੇਰ, ਉਤਭੁਜ, ਸੇਤਜ ਤੋਂ ਪੈਦਾ ਹੋਏ ਹਨ, ਦੀ ਗਿਣਤੀ ਕਿੰਨੀ ਹੋ ਸਕਦੀ ਹੈ?**

ਗੁਰੂ ਜੀ ਕਹਿੰਦੇ ਹਨ ਕਿ ਇਹਨਾਂ ਸਭਨਾਂ ਦੀ ਗਿਣਤੀ ਦਾ ਅੰਦਾਜ਼ਾ ਉਹ ਪ੍ਰਭੂ ਹੀ ਜਾਣਦਾ ਹੈ ਜਿਸਨੇ ਪੈਦਾ ਕੀਤੇ ਹਨ।

"ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।। ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।। ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।। ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।।" (ਪੰਨਾ 467)

ਨੋਟ: ਇਥੇ ਗੁਰੂ ਸਾਹਿਬ ਨੇ ਆਪਣੇ ਵਿਚਾਰ ਦੱਸਦੇ ਹੋਏ 84 ਲੱਖ ਜੂਨਾਂ ਨਾਲ ਬਿਲਕੁਲ ਸਹਿਮਤੀ ਨਹੀਂ ਦਿੱਤੀ।

**28. ਕੀ ਸਿਰਫ ਧਾਰਮਿਕ ਚਿੰਨ੍ਹ ਪਹਿਨਣ ਨਾਲ ਪ੍ਰਭੂ ਖੁਸ਼ ਹੋ ਜਾਂਦਾ ਹੈ?**

ਨਹੀਂ ਜੀ। ਹਾਂ ਅਗਰ ਪ੍ਰਮਾਤਮਾ ਨੂੰ ਮਨ ਵਿੱਚ ਟਿਕਾਅ ਕੇ ਧਾਰਮਿਕ ਕੰਮ ਕਰਦੇ ਹਾਂ ਉਹ ਜਰੂਰ ਸਹਾਈ ਹੁੰਦੇ ਹਨ।

**29. "ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ" (ਪੰਨਾ 467) "ਪੜੀਐ" ਅਤੇ "ਪੜੀਅਹਿ" ਵਿੱਚ ਕੀ ਅੰਤਰ ਹੈ?**

"ਪੜੀਐ" ਵਿਆਕਰਣ ਅਨੁਸਾਰ ਵਰਤਮਾਨ ਕਾਲ, ਕਰਮ ਵਾਚ (Passive Voice), ਅਨ-ਪੁਰਖ (Third Person), ਇੱਕ ਵਚਨ ਹੈ। ਜਦੋਂ ਕਿ "ਪੜੀਅਹਿ" ਇਸੇ ਦਾ ਬਹੁ ਵਚਨ ਹੈ। ਇਸੇ ਤਰ੍ਹਾਂ "ਪੜਹਿ" ਵਰਤਮਾਨ ਕਾਲ, ਕਰਤ੍ਰੀ ਵਾਚ (Active Voice) ਹੈ।

**30. ਕੀ ਬਹੁਤ ਸਾਰੀਆਂ ਕਿਤਾਬਾਂ ਪੜ ਕੇ ਬਹੁਤ ਗਿਆਨ ਪ੍ਰਾਪਤ ਕਰਨ ਨਾਲ ਰੱਬੀ ਖੁਸ਼ੀ ਮਿਲ ਸਕਦੀ ਹੈ?**

ਰੱਬੀ ਸਿਫਤ ਸਲਾਹ ਕਰਦਿਆਂ ਗੁਰੂ ਰਾਂਹੀ ਗਿਆਨ ਲਿਆ ਜਾਵੇ ਤਾਂ ਰੱਬੀ ਖੁਸ਼ੀ ਜਰੂਰ ਮਿਲਦੀ ਹੈ ਪਰ ਜੇ ਗੁਰੂ ਤੋਂ ਬਿਨਾਂ ਚੁੰਚ-ਗਿਆਨ ਇਕੱਠਾ ਕਰ ਲਿਆ ਤਾਂ ਇਹ ਹਉਮੈ ਪੈਦਾ ਕਰਦਾ ਹੈ ਜਿਸ ਨਾਲ ਆਤਮਿਕ ਸ਼ਾਂਤੀ ਨਹੀ ਮਿਲ ਸਕਦੀ।

**31. ਕੀ ਕੋਈ ਧਾਰਮਿਕ ਭੇਖ ਧਾਰ ਕੇ, ਅੰਨ ਛੱਡ ਕੇ ਨੰਗਾ ਰਹਿ ਕੇ, ਨੰਗੇ ਪੈਰੀਂ ਚੱਲ ਕੇ, ਸੁਆਹ ਮਲ ਕੇ, ਮੋਨ ਵਰਤ ਰੱਖ ਕੇ ਜਾਂ ਸਰੀਰ ਨੂੰ ਦੁੱਖ ਆਦਿ ਦੇ ਕੇ ਕਰਮ ਕਾਂਡ ਕਰਨ ਨਾਲ ਰੱਬੀ ਖੁਸ਼ੀ ਪਾ ਸਕਦਾ ਹੈ?**

ਬਿਲਕੁਲ ਨਹੀ ਜੀ। ਸੁਖ ਸਿਰਫ ਪੂਰਾ ਗੁਰੂ ਹੀ ਦੇ ਸਕਦਾ ਹੈ।

**32. ਰੱਬੀ ਦਰ ਤੇ ਕੌਣ ਮਾਨ-ਵਡਿਆਈ ਪਾਉਂਦੇ ਹਨ?**

ਜੋ ਰੱਬ ਜੀ ਦੇ ਹੁਕਮ ਅੰਦਰ ਚੱਲਦੇ ਹਨ, ਉਹੀ ਰੱਬੀ ਦਰਗਾਹ ਤੇ ਸੋਭਾ ਪਾਉਂਦੇ ਹਨ।

**33. ਰੱਬ ਜੀ ਨੂੰ ਕਿਹੜੇ ਭਗਤ ਪਿਆਰੇ ਲੱਗਦੇ ਹਨ?**

ਜੋ ਰੱਬੀ ਸਿਫਤ - ਸਲਾਹ ਕਰਦੇ ਹਨ ਉਹ ਉਸ ਦੇ ਦਰ ਤੇ ਸ਼ੋਭਾ ਪਾਉਂਦੇ ਹਨ।

"ਭਗਤ ਤੇਰੈ ਮਨਿ ਭਾਵਦੇ ਦਰਿ ਸੋਹਨਿ ਕੀਰਤ ਗਾਵਦੇ।।"

**34. "ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।। ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰ।।" ਇਸ ਤੁਕ ਵਿੱਚ ਆਏ ਸ਼ਬਦ ਕੂੜੁ, ਕੂੜਿ ਅਤੇ ਕੂੜੈ ਦੇ ਕੀ ਅਰਥ ਹਨ?**

ਕੂੜੁ - ਝੂਠ, ਕੂੜਿ - ਝੂਠਿ ਨਾਲ, ਕੂੜੈ - ਝੂਠ ਵਿੱਚ ਫਸਿਆ ਹੋਇਆ।

**35. ਕੀ ਗੁਰੂ ਸਾਹਿਬ ਰਾਜਾ, ਪ੍ਰਜਾ, ਸੰਸਾਰ, ਸੋਨਾ, ਚਾਂਦੀ, ਜਾਇਦਾਦ, ਸਰੀਰ, ਕਪੜੇ, ਪਤੀ, ਪਤਨੀ, ਆਦਿ ਸਭ ਨੂੰ ਕੂੜ ਕਹਿ ਰਹੇ ਹਨ?**

ਗੁਰੂ ਜੀ ਕਹਿੰਦੇ ਹਨ ਅਗਰ ਪ੍ਰਮਾਤਮਾ ਦਾ ਨਾਮ ਹਿਰਦੇ ਵਿੱਚੋਂ ਵਿਸਰ ਜਾਵੇ ਤਾਂ ਇਹ ਸਭ ਕੂੜ ਹੈ।

ਨੋਟਃ ਜਿਵੇ 1000000 ਨਾਲੋ ਜੇ 1 (ਇਕ) ਲਾਹ ਦਿੱਤਾ ਜਾਵੇ ਤਾਂ ਬਾਕੀ ਕੁਝ ਵੀ ਨਹੀਂ ਰਹਿ ਜਾਂਦਾ। ਇਸੇ ਤਰ੍ਹਾਂ ਜੇ ਨਾਮ ਹੈ ਤਾਂ ਰਾਜ, ਪ੍ਰਜਾ, ਸੰਸਾਰ, ਸੋਨਾ, ਚਾਂਦੀ, ਜਾਇਦਾਦ, ਸਰੀਰ, ਕਪੜੇ, ਪਤੀ, ਪਤਨੀ ਆਦਿ ਸਭ ਦੀ ਮਹੱਤਤਾ ਹੈ ਪਰ ਜੇ ਰੱਬ ਭੁਲ ਗਿਆ ਫਿਰ ਇਹ ਸਭ ਕੂੜ ਹੋ ਜਾਂਦੇ ਹਨ।

**36. ਜਦ ਸਾਰੀ ਦੁਨੀਆਂ ਨੂੰ ਧਾਰਮਿਕ ਪ੍ਰਚਾਰਕਾਂ ਨੇ ਝੂਠ ਦੱਸਿਆ ਤਾਂ ਗੁਰੂ ਨਾਨਕ ਸਾਹਿਬ ਨੇ ਇਸ ਬਾਰੇ ਆਪਣੀ ਕੀ ਵਿਚਾਰਧਾਰਾ ਪ੍ਰਗਟਾਈ?**

ਗੁਰੂ ਜੀ ਨੇ ਕਿਹਾ ਜੇ ਰੱਬ ਸੱਚ ਹੈ ਤਾਂ ਉਹ ਸੱਚ ਹੀ ਪੈਦਾ ਕਰਦਾ ਹੈ ਸੋ ਜੋ ਇਨਸਾਨ ਰੱਬ ਤੋਂ ਟੁੱਟ ਜਾਂਦਾ ਹੈ ਉਹ ਹੀ ਝੂਠ ਹੈ। ਜੋ ਸੱਚ ਨਾਲ ਜੁੜ ਜਾਂਦਾ ਹੈ ਉਹ ਕੂੜ ਨਹੀਂ ਸੱਚ ਹੈ। "ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ।।" (ਪੰਨਾ 468)

**37. "ਕੂੜਾ ਲਾਲਚੁ ਛਡੀਐ" ਤੁਕ ਅੰਦਰ ਕੂੜਾ ਲਾਲਚ ਤੋਂ ਕੀ ਭਾਵ ਹੈ?**

ਇਥੇ ਕੂੜਾ ਲਾਲਚ ਤੋਂ ਭਾਵ ਹੈ ਠੱਗੀ-ਵੱਗੀ (ਕਿਸੇ ਦਾ ਹੱਕ ਮਾਰਨਾ)।

**38. ਸੱਚ ਦੀ ਸਮਝ ਮਨੁੱਖ ਨੂੰ ਕਦੋਂ ਪੈਂਦੀ ਹੈ?**

ਸੱਚ ਦੀ ਸਮਝ ਉਦੋਂ ਪੈਂਦੀਂ ਹੈ ਜਦ ਮਨੁੱਖ :

1. ਹਿਰਦੇ ਅੰਦਰ ਸੱਚ (ਰੱਬ) ਨੂੰ ਟਿਕਾ ਲੈਂਦਾ ਹੈ।
2. ਸੱਚ (ਰੱਬ) ਨਾਲ ਪਿਆਰ ਪਾਉਂਦਾ ਹੈ।
3. ਜਿੰਦਗੀ ਜਿਉਣ ਦਾ ਢੰਗ ਸਮਝ ਲਏ ਕਿ ਸਰੀਰ ਰੂਪੀ ਧਰਤੀ ਨੂੰ ਤਿਆਰ ਕਰਕੇ ਪ੍ਰਭੂ ਦਾ ਨਾਮ ਬੀਜਣਾ ਹੈ।
4. ਪੂਰੇ ਗੁਰੂ ਤੋਂ ਸੱਚੀ ਸਿਖਿਆ ਲੈ ਕੇ ਚੱਲੇ ਅਤੇ ਜੀਵਾਂ ਉਤੇ ਦਇਆ ਕਰਕੇ ਕੁਝ ਪੁੰਨ ਦਾਨ ਕਰੇ।
5. ਅੰਦਰਲੇ ਤੀਰਥ ਉਤੇ ਟਿਕ ਕੇ ਨਿਵਾਸ ਕਰੇ।

**39. ਆਪਣੇ ਆਪ ਨੂੰ ਜਤੀ ਸਦਵਾਉਣ ਵਾਲੇ ਘਰ ਬਾਹਰ ਕਿਉਂ ਛੱਡ ਬੈਠਦੇ ਹਨ?**

ਕਿਉਂਕਿ ਉਹ ਜਤੀ ਹੋਣ ਦੀ ਜੁਗਤੀ ਨਹੀਂ ਜਾਣਦੇ ਤੇ ਦੇਖੋ ਦੇਖੀ ਘਰ ਬਾਹਰ ਤਿਆਗ ਦਿੰਦੇ ਹਨ। "ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ॥" (ਪੰਨਾ 469)

**40. ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ਮਨੁੱਖ ਆਪਣਾ ਧਰਮ (ਸਾਰੀ ਮਿਹਨਤ) ਕਿਵੇਂ ਗੁਆ ਬੈਠਦੇ ਹਨ?**

ਕਿਉਂਕਿ ਉਹ ਧਰਮ ਕਰਮ ਦੇ ਬਦਲੇ ਮੁਕਤੀ ਦਾ ਦਰ ਮੰਗਦੇ ਹਨ। ਭਾਵ ਉਹ ਧਰਮ ਕਰਮ ਨਿਸ਼ਕਾਮ ਹੋ ਕੇ ਨਹੀਂ ਕਰਦੇ। ਇਸ ਲਈ ਆਪਣਾ ਧਰਮ ਗੁਆ ਬੈਠਦੇ ਹਨ। "ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥"

**41. ਗੁਰਬਾਣੀ ਕਿੰਨ੍ਹਾਂ ਦੇ ਦੁਖਾਂ ਦਾ ਦਾਰੂ ਬਣ ਕੇ ਇਲਾਜ ਕਰਦੀ ਹੈ?**

ਜੋ ਸੱਚ ਦਾ ਪੱਲਾ ਫੜ ਕੇ ਪ੍ਰਭੂ ਨੂੰ ਹਿਰਦੇ ਵਿੱਚ ਵਸਾ ਲੈਂਦੇ ਹਨ। ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਦੁੱਖ ਦੂਰ ਕਰਦੇ ਹਨ। "ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥" (ਪੰਨਾ 468)

**42. ਕੀ ਰੱਬ ਜੀ ਆਪਣੀ ਮਰਜੀ ਮੁਤਾਬਿਕ (Pick and Choose) ਇਨਸਾਨ ਨੂੰ ਕੁਝ ਦਿੰਦਾ ਹੈ?**

ਨਹੀਂ ਜੀ। ਰੱਬ ਜੀ ਸਾਡੇ ਕੀਤੇ ਕੰਮਾਂ ਅਨੁਸਾਰ ਫਲ ਦਿੰਦੇ ਹਨ। "ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ।।" (ਪੰਨਾ 468)

**43. ਤੁਕ "ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ।।" ਤੋਂ ਕੀ ਭਾਵ ਹੈ? (ਪੰਨਾ 468)**

ਇਸ ਦਾ ਭਾਵ ਹੈ ਜਿਵੇਂ ਬੀਜ ਦੇ ਉਗਣ ਲਈ ਸਾਬਤ ਹੋਣਾ ਅਤੇ ਢੁਕਵੀਂ ਰੁੱਤ ਦਾ ਹੋਣਾ ਜਰੂਰੀ ਹੈ। ਇਸੇ ਤਰਾਂ ਰੱਬੀ ਨਾਮ ਦੇ ਪੁੰਗਾਰ ਤਾਂ ਹੀ ਫੁੱਟਦੇ ਹਨ ਜੇ ਕਰ ਮਨ ਦੁਬਿਧਾ ਰਹਿਤ ਹੋਵੇ ਅਤੇ ਸੁਰਤਿ ਸ਼ਬਦ ਦਾ ਸੁਮੇਲ ਹੋਵੇ।

**44. ਹਰ ਇਨਸਾਨ ਆਪਣੇ ਵੱਲੋਂ ਅਗਾਂਹ ਵਧਣਾ ਚਾਹੁੰਦਾ ਹੈ ਪਰ ਹੁੰਦਾ ਉਹ ਹੈ ਜੋ ਰੱਬ ਜੀ ਨੂੰ ਭਾਉਂਦਾ ਹੈ। ਕਿਉਂ? "ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ।।" (ਪੰਨਾ 469)**

ਕਿਉਂਕਿ ਜੋ ਕੰਮ ਆਪਾਂ ਕਰਦੇ ਹਾਂ ਰੱਬ ਜੀ ਸਾਡੇ ਅੰਦਰ ਬੈਠੇ ਹੋਏ ਸਾਡੇ ਮੱਥੇ ਉਪਰ ਲਿਖ ਦਿੰਦੇ ਹਨ ਅਤੇ ਉਸ ਕਰਮਾਂ ਅਨੁਸਾਰ ਹੀ ਸਾਨੂੰ ਫਲ ਮਿਲਦਾ ਹੈ।

ਨੋਟਃ ਜੋ ਡਾਕਟਰੀ ਦੀ ਪੜਾਈ ਕਰੇਗਾ ਉਹ ਹੀ ਡਾਕਟਰ ਬਣੇਗਾ। ਵਕਾਲਤ ਕਰਨ ਵਾਲਾ ਇੰਜੀਨੀਅਰ ਨਹੀਂ, ਵਕੀਲ ਬਣ ਸਕਦਾ ਹੈ।

**45. ਮਨ ਨੂੰ ਕਿਵੇਂ ਟਿਕਾਇਆ ਜਾ ਸਕਦਾ ਹੈ?**

ਗਿਆਨ ਰਾਂਹੀ। ਇਹ ਗਿਆਨ ਗੁਰੂ ਤੋਂ ਬਿਨ੍ਹਾਂ ਕਿਤੋਂ ਨਹੀ ਮਿਲ ਸਕਦਾ। "ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।।" (ਪੰਨਾ 469)

**46. ਸਿੱਖ ਧਰਮ ਜਾਤ-ਪਾਤ ਨੂੰ ਕਿਉਂ ਨਹੀਂ ਮੰਨਦਾ?**

ਕਿਉਂਕਿ ਰੱਬੀ ਦਰਗਾਹ ਵਿੱਚ ਜਾਤ ਪਾਤ ਲਈ ਕੋਈ ਜਗ੍ਹਾ ਨਹੀਂ ਹੈ। "ਅਗੈ ਜਾਤਿ ਨ ਜੋਰੁ ਹੈ।।" (ਪੰਨਾ 469)

**47. ਆਸਾ ਕੀ ਵਾਰ ਅੰਦਰ ਮਨੁੱਖਾ ਸਰੀਰ ਨੂੰ ਰੱਥ ਕਿਹਾ ਹੈ ਫਿਰ ਇਸ ਦਾ ਰਥਵਾਹ ਕੌਣ ਹੈ?**

ਜੇ ਮਨੁੱਖਾ ਸਰੀਰ ਰੱਥ ਹੈ ਤਾਂ ਇਸ ਦਾ ਰਥਵਾਹ ਮਨ ਹੈ।

**48. ਗੁਰੂ ਸਾਹਿਬ ਨੇ ਸਤਿਯੁਗ ਕਿਸ ਨੂੰ ਕਿਹਾ ਹੈ?**

ਜਦੋਂ ਮਨੁੱਖੀ ਮਨ ਸੰਤੋਖ ਦੇ ਰਥ ਤੇ ਸਵਾਰ ਹੈ ਅਤੇ ਇਸ ਨੂੰ ਧਰਮ ਚਲਾ ਰਿਹਾ ਹੈ ਤਾਂ ਉਸ ਸਮੇਂ ਮਨੁੱਖ ਸਤਯੁਗੀ ਹੈ। "ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥" (ਪੰਨਾ 470)

**49. ਤ੍ਰੇਤੇ ਯੁੱਗ ਨੂੰ ਗੁਰੂ ਸਾਹਿਬ ਕਿਵੇਂ ਬਿਆਨ ਕਰਦੇ ਹਨ?**

ਜਦ ਮਨੁੱਖੀ ਮਨ ਜਤ ਤੇ ਸਵਾਰ ਹੋਵੇ ਤੇ ਜੋਰ (ਸੂਰਮਤਾ) ਉਸ ਨੂੰ ਚਲਾ ਰਿਹਾ ਹੋਵੇ ਤਾਂ ਮਾਨੋਂ ਮਨੁੱਖ ਤ੍ਰੇਤੇ ਯੁੱਗ ਅੰਦਰ ਜੀਅ ਰਿਹਾ ਹੈ। "ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ"॥ (ਪੰਨਾ 470)

**50 . ਦੁਆਪਰ ਬਾਰੇ ਗੁਰੂ ਜੀ ਕੀ ਖਿਆਲ ਦਿੰਦੇ ਹਨ?**

ਜਦੋਂ ਮਨੁੱਖੀ ਨਿਸ਼ਾਨਾ ਉਚਾ ਆਚਰਨ ਬਣਦਾ ਹੈ ਤਦੋਂ ਉਹ ਤਪ ਦੀ ਸਵਾਰੀ ਕਰਦਾ ਹੈ ਤੇ ਸਤੁ ਇਸ ਨੂੰ ਚਲਾ ਰਿਹਾ ਹੈ ਉਸ ਸਮੇਂ ਉਹ ਦੁਆਪਰ ਵਿੱਚ ਰਹਿ ਰਿਹਾ ਹੈ। "ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥" (ਪੰਨਾ 470)

**51. ਇਨਸਾਨ ਕਲਯੁਗੀ ਕਿਸ ਸਮੇਂ ਕਿਹਾ ਜਾਂਦਾ ਹੈ?**

ਜਦ ਇਨਸਾਨ ਤ੍ਰਿਸ਼ਨਾ ਰੂਪੀ ਅੱਗ ਦੇ ਰਥ ਤੇ ਸਵਾਰ ਹੁੰਦਾ ਹੈ ਤੇ ਫਿਰ ਇਸ ਨੂੰ ਬੁਝਾਉਣ ਲਈ ਝੂਠ ਨੂੰ ਰਥਵਾਹ ਬਣਾਉਂਦਾ ਹੈ ਤਦ ਇਨਸਾਨ ਕਲਯੁਗ ਵਿੱਚ ਜੀਅ ਰਿਹਾ ਹੈ।

"ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥" (ਪੰਨਾ ੪੭ )

ਨੋਟ: ਗੁਰੂ ਸਾਹਿਬ ਸਮਝਾਉਂਦੇ ਹਨ ਕਿ ਭਾਈ ਜੁੱਗਾਂ ਦੀ ਪਹਿਚਾਣ ਮਨੁੱਖੀ ਸੁਭਾਉ ਤੋਂ ਹੁੰਦੀ ਹੈ। ਜਿੱਥੇ "ਧਰਮ" ਪਰਬਲ ਹੈ, ਉਥੇ ਮਾਨੋ ਸਤਯੁਗ ਦਾ ਰਾਜ ਹੈ, ਤੇ ਜਿਥੇ "ਕੂੜ" ਪਰਧਾਨ ਹੈ, ਉਥੇ ਸਮਝੋ ਕਲਜੁਗ ਦਾ ਪਹਿਰਾ ਹੈ। ਜੁਗਾਂ ਦਾ ਪ੍ਰਭਾਵ ਸੰਸਾਰ ਤੇ ਨਹੀਂ, ਸੰਸਾਰੀ ਜੀਵਾਂ ਦੇ ਸੁਭਾਉ ਤੇ ਆਚਰਨ ਉਤੇ ਨਿਰਭਰ ਕਰਦਾ ਹੈ।

**52. ਜੋ ਮਨੁੱਖ ਆਪਣੇ ਖਸਮ (ਗੁਰੂ ਗ੍ਰੰਥ ਸਾਹਿਬ) ਨੂੰ ਛੱਡ ਕੇ ਮੜੀਆਂ, ਮਸਾਣਾ ਜਾਂ ਵਿਕਾਰਾਂ ਵਿੱਚ ਭਟਕਦੇ ਫਿਰਦੇ ਹਨ ਉਨ੍ਹਾਂ ਦਾ ਕੀ ਹਾਲ ਹੁੰਦਾ ਹੈ?**

ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਜੀਵ ਸੰਸਾਰ ਸਮੁੰਦਰ ਵਿੱਚ ਡੁੱਬ ਗਏ ਹਨ। ਭਾਵ ਲੋਕਾਚਾਰੀ ਨੇ ਉਨ੍ਹਾਂ ਨੂੰ ਦੁਖੀ ਕਰ ਰੱਖਿਆ ਹੈ। "ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥" (ਪੰਨਾ 470)

**53. ਗੁਰੂ ਜੀ ਨੇ ਆਸਾ ਕੀ ਵਾਰ ਵਿੱਚ ਸਿੰਮਲ ਰੁੱਖ ਦੀ ਉਦਾਹਰਣ ਕਿਉਂ ਦਿੱਤੀ ਹੈ?**

ਗੁਰੂ ਜੀ ਸਮਝਾਉਣਾ ਚਾਹੁੰਦੇ ਹਨ ਜੋ ਲੋਕ ਸਿੰਮਲ ਰੁੱਖ ਵਾਂਗ ਅਮੀਰ ਤਾਂ ਹੋ ਜਾਂਦੇ ਹਨ ਪਰ ਨਿੰਮਰਤਾ, ਦਇਆਲਤਾ, ਇਨਸਾਨੀਅਤ ਆਦਿ ਤੋਂ ਸੱਖਣੇ ਹੰਦੇ ਹਨ ਉਹ ਕਿਸੇ ਦੇ ਕੰਮ ਨਹੀਂ ਆ ਸਕਦੇ।

**54. "ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥" (ਪੰਨਾ 470) ਤੋਂ ਕੀ ਭਾਵ ਹੈ?**

ਗੁਰੂ ਜੀ ਸਮਝਾਉਂਦੇ ਹਨ ਕਿ ਜਿਵੇਂ ਸ਼ਿਕਾਰੀ ਮਿਰਗ ਮਾਰਣ ਲਈ ਲੇਟ ਕੇ ਦੂਹਰਾ ਹੋ ਜਾਂਦਾ ਹੈ ਉਸੇ ਤਰ੍ਹਾਂ ਜੇ ਮਨ ਸਾਫ ਨਹੀਂ ਤਾਂ ਨਿਰਾ ਸੀਸ ਝੁਕਾਉਣ (ਮੱਥੇ ਰਗੜਨ) ਨਾਲ ਕੁਝ ਨਹੀ ਬਣਦਾ।

**55. "ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥" (ਪੰਨਾ 470) ਤੋਂ ਕੀ ਭਾਵ ਹੈ?**

ਗੁਰੂ ਜੀ ਸਮਝਾਉਂਦੇ ਹਨ ਕਿ ਹੇ ਭਾਈ ਜਿਸ ਤਰ੍ਹਾਂ ਦੇ ਕੰਮ ਤੂੰ ਅੱਜ ਕਰੇਂਗਾ ਉਸੇ ਤਰ੍ਹਾਂ ਦਾ ਫਲ ਭਵਿੱਖ ਵਿੱਚ ਮਿਲੇਗਾ। "ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥" (ਪੰਨਾ ੪੩੩)

**56. ਪੰਡਿਤ ਜਦ ਗੁਰੂ ਜੀ ਨੂੰ ਜਨੇਊ ਪਾਉਣ ਲੱਗਾ ਤਾਂ ਗੁਰੂ ਜੀ ਨੇ ਕਿਹੋ ਜਿਹਾ ਜਨੇਊ ਪਾਉਣ ਲਈ ਕਿਹਾ?**

ਗੁਰੂ ਜੀ ਨੇ ਕਿਹਾ ਦਇਆ ਦੀ ਕਪਾਹ, ਸੰਤੋਖ ਦਾ ਸੂਤ, ਗੰਢਾ ਜਤ ਦੀਆਂ ਅਤੇ ਉੱਚੇ ਆਚਰਨ ਦਾ ਵੱਟ ਚਾੜ ਕੇ ਜੇ ਜਨੇਊ ਬਣਾਇਆ ਹੈ ਤਾਂ ਮੈਂ ਉਹ ਪਾਉਣ ਲਈ ਤਿਆਰ ਹਾਂ। ਟੁੱਟਣ

ਵਾਲਾ, ਮੈਲਾ ਹੋਣ ਵਾਲਾ ਅਤੇ ਜਲ ਜਾਣ ਵਾਲਾ ਜਨੇਉ ਮੈਂ ਨਹੀਂ ਪਾਉਣਾ।

57. **ਗੁਰੂ ਜੀ ਕਿਸ ਜਨੇਉ ਦੀ ਗੱਲ ਕਰਦੇ ਹਨ ਜੋ ਟੁਟਦਾ ਵੀ ਨਹੀ ਤੇ ਜਿਸ ਨਾਲ ਰੱਬੀ ਦਰਗਾਹ ਵਿੱਚ ਇੱਜਤ ਵੀ ਮਿਲਦੀ ਹੈ?**

ਉਹ ਹੈ ਨਾਮ ਅਤੇ ਰੱਬੀ ਸਿਫਤ ਸਲਾਹ ਦਾ ਜਨੇਉ।"ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥ ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ॥" (ਪੰਨਾ ੪੭੧)

58. **"ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ" ਤੁਕ ਵਿੱਚ ਗੁਰੂ ਸਾਹਿਬ ਨੇ ਤਗ ਦੇ ਗ ਨੂੰ ਔਂਕੜ ਅਤੇ ਦੂਸਰੇ ਗ ਨੂੰ ਸਿਹਾਰੀ ਕਿਉਂ ਲਾਈ ਹੈ?**

ਕਿਉਂਕਿ "ਤਗੁ" ਦਾ ਅਰਥ ਹੈ ਤਾਗਾ ਤੇ ਤਗਿ ਦਾ ਅਰਥ "ਤਾਗੇ ਵਿੱਚ"।

59. **ਗੁਰੂ ਸਾਹਿਬ ਨੇ ਪੰਡਤ ਨੂੰ "ਮਨਿ ਅੰਧਾ ਨਾਉ ਸੁਜਾਣੁ" ਕਿਉਂ ਕਿਹਾ?**

ਕਿਉਂਕਿ ਪੰਡਤ ਆਪਣੇ ਗਿਆਨ ਇੰਦਰਿਆਂ ਨੂੰ ਤਾਂ ਵੱਸ ਵਿੱਚ ਕਰ ਨਹੀਂ ਸਕਿਆ ਤੇ ਦੂਸਰਿਆਂ ਨੂੰ ਜਨੇਊ ਪਾ ਕੇ ਧਾਰਮਿਕ ਬਣਾਉਣ ਦੀ ਗੱਲ ਕਰਦਾ ਹੈ।

60. **ਰੱਬ ਦੇ ਦਰ ਤੇ ਕੌਣ ਪ੍ਰਵਾਨ ਹੁੰਦਾ ਹੈ ਅਤੇ ਆਦਰ ਪਾਉਂਦਾ ਹੈ?**

ਜੋ ਇਨਸਾਨ ਰੱਬੀ ਰਜ਼ਾ ਵਿੱਚ ਰਹਿੰਦਾ ਹੈ ਉਹੀ ਰੱਬੀ ਦਰ ਤੇ ਪ੍ਰਵਾਨ ਹੁੰਦਾ ਹੈ ਅਤੇ ਆਦਰ ਪਾਉਂਦਾ ਹੈ। "ਹੁਕਮਿ ਮਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ॥" (ਪੰਨਾ 471)

61. **ਗੁਰੂ ਜੀ ਨੇ ਆਸਾ ਕੀ ਵਾਰ ਦੀ 16 ਪਾਉੜੀ ਵਿੱਚ ਪਾਖੰਡ ਕਿਸ ਨੂੰ ਕਿਹਾ ਹੈ?**

ਗਾਂ ਦੇ ਗੋਹੇ ਨਾਲ ਚੌਂਕਾ ਪਵਿਤਰ ਕਰਨਾ, ਧੋਤੀ ਤੇ ਟਿੱਕਾ ਲਾਉਣਾ, ਮਾਲਾ ਆਦਿ ਵੀ ਫੇਰਨੀ ਅਤੇ ਮਲੇਛਾ ਦੇ ਪਦਾਰਥ ਆਦਿ ਵੀ ਛੱਕੀ ਜਾਣ ਨੂੰ ਗੁਰੂ ਜੀ ਨੇ ਪਾਖੰਡ ਦੱਸਿਆ।

**62. ਜੇ ਉਪਰੋਕਤ ਸਭ ਪਾਖੰਡ ਹਨ ਤਾਂ ਫਿਰ ਸੰਸਾਰ ਸਮੁੰਦਰ ਕਿਵੇਂ ਤਰਿਆ ਜਾਂਦਾ ਹੈ?**

ਉਸ ਪ੍ਰਮਾਤਮਾ ਦਾ ਨਾਮ ਮਨ ਵਿੱਚ ਟਿਕਾਅ ਕੇ ਸੰਸਾਰ ਸਮੁੰਦਰ ਤਰਿਆ ਜਾ ਸਕਦਾ ਹੈ।

**63. "ਸੁਚਿ ਹੋਵੈ ਤਾ ਸਚੁ ਪਾਈਐ" (ਪੰਨਾ 471) ਤੋਂ ਕੀ ਭਾਵ ਹੈ?**

ਇਸ ਤੁਕ ਨੂੰ ਸਮਝਣ ਤੋਂ ਪਹਿਲਾਂ ਅਗਰ ਇਸ ਤੋਂ ਪਹਿਲੀ ਤੁਕ "ਕਹੁ ਨਾਨਕ ਸਚੁ ਧਿਆਈਐ" ਗਹੁ ਨਾਲ ਪੜੀਏ ਤਾਂ ਭਾਵ ਸਪੱਸ਼ਟ ਹੋ ਜਾਂਦਾ ਹੈ ਕਿ ਜੇ "ਸਚੁ" (ਪ੍ਰਭੂ) ਨੂੰ ਧਿਆਉਣਾ ਕੀਤਾ ਜਾਵੇ ਤਾਂ ਹੀ ਸੁੱਚ ਹੋ ਸਕਦੀ ਹੈ। ਫਿਰ ਹੀ ਸਚੁ (ਪ੍ਰਭੂ) ਪਾਇਆ ਜਾ ਸਕਦਾ ਹੈ ਨਹੀਂ ਤਾਂ ਜੂਠੇ ਮੂੰਹ ਨਾਲ ਚੁਲੀਆਂ ਭਰਨੀਆਂ ਵੀ ਪਾਖੰਡ ਹੈ।

**64. ਕੀ ਮਨੁੱਖ ਦੇ ਮਰਨ ਤੋਂ ਬਾਅਦ ਉਸ ਨਮਿਤ ਪੰਡਤ, ਗ੍ਰੰਥੀ ਆਦਿ ਨੂੰ ਦਿੱਤਾ ਦਾਨ ਉਸ ਤੱਕ ਪਹੁੰਚ ਜਾਂਦਾ ਹੈ?**

ਬਿਲਕੁਲ ਨਹੀਂ। ਗੁਰੂ ਜੀ ਫੁਰਮਾਉਂਦੇ ਹਨ ਅਗਰ ਅੱਗੇ ਕੁਝ ਮਿਲਦਾ ਹੈ ਤਾਂ ਉਹ ਆਪਣੀ ਦਸਾਂ ਨਹੁੰਆ ਦੀ ਕਮਾਈ ਵਿਚੋਂ ਆਪਣੇ ਹੱਥੀ ਦਾਨ ਕੀਤਾ ਹੋਵੇ ਤਾਂ ਉਹੀ ਮਿਲਦਾ ਹੈ। "ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ"॥

**65. ਗੁਰੂ ਜੀ ਨੇ ਕਿਸ ਤਰ੍ਹਾਂ ਸਮਝਾਇਆ ਕਿ ਪਿਤਰਾਂ ਨਮਿਤ ਕੀਤਾ ਦਾਨ ਉਸ ਨੂੰ ਨਹੀਂ ਪਹੁੰਚਦਾ?**

ਗੁਰੂ ਜੀ ਨੇ ਕਿਹਾ ਜੇ ਇਸ ਤਰ੍ਹਾਂ ਹੋਵੇ ਤਾਂ ਕੋਈ ਚੋਰ ਤਾਂ ਆਪਣੇ ਪਿਤਰਾਂ ਨੂੰ ਚੋਰੀ ਦਾ ਸਮਾਨ ਹੀ ਦਾਨ ਕਰੇਗਾ। ਸੋ ਜਿਸ ਦੇ ਘਰੋਂ ਚੋਰੀ ਹੋਈ ਤਾਂ ਉਸ ਦੇ ਪਿਤਰਾਂ ਨੇ ਆਪਣਾ ਸਮਾਨ ਪਹਿਚਾਣ ਲਿਆ। ਫਿਰ ਜਦ ਸਾਰਾ ਮਾਮਲਾ ਮੁਸਫੀ (ਰੱਬ) ਕੋਲ ਗਿਆ ਤਾਂ ਉਹ ਸਭ ਤੋਂ ਪਹਿਲਾਂ ਤਾਂ ਦਲਾਲ (ਪੰਡਤ, ਗ੍ਰੰਥੀ ਆਦਿ) ਦੇ ਹੱਥ ਵੱਢੇਗਾ ਜਿਸ ਨੇ ਇਹ ਚੋਰੀ ਦਾ ਸਮਾਨ ਪਹੁੰਚਾਇਆ ਹੈ। ਸੋ ਇਸ

ਤਰ੍ਹਾਂ ਗੁਰੂ ਜੀ ਨੇ ਪੰਡਤ ਅਤੇ ਲੋਕਾਂ ਦਾ ਭਰਮ ਦੂਰ ਕੀਤਾ ਅਤੇ ਕਿਹਾ ਭਾਈ ਜੋ ਹੱਥੀਂ ਕਿਰਤ ਕਰਕੇ ਅੱਜ ਦਾਨ ਕਰੋਗੇ ਉਹੀ ਕੱਲ ਨੂੰ ਮਿਲੇਗਾ।

**66. ਕੀ ਸਰੀਰਕ ਇਸ਼ਨਾਨ ਕਰਨ ਨਾਲ ਮਨੁੱਖ ਸੁੱਚਾ ਹੋ ਜਾਂਦਾ ਹੈ?**

ਨਹੀਂ ਜੀ। "ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।।" (ਪੰਨਾ 472)

**67. ਫਿਰ ਸੁੱਚੇ ਕਿਸ ਨੂੰ ਕਿਹਾ ਜਾ ਸਕਦਾ ਹੈ?**

ਜਿਨ੍ਹਾਂ ਦੇ ਮਨ ਵਿੱਚ ਪ੍ਰਭੂ ਵਸ ਗਿਆ। "ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ।।" (ਪੰਨਾ 472)

**68. ਗੁਰੂ ਜੀ ਨੇ ਕਿਸ ਨੂੰ ਸੂਤਕ ਕਿਹਾ ਹੈ?**

ਗੁਰੂ ਜੀ ਨੇ ਕਿਹਾ ਅਸਲ ਵਿੱਚ ਮਨ ਦਾ ਸੂਤਕ ਲਾਲਚ ਕਰਨਾ, ਜੀਭ ਦਾ ਸੂਤਕ ਝੂਠ ਬੋਲਣਾ, ਅੱਖਾਂ ਦਾ ਸੂਤਕ ਪਰਾਈ ਇਸਤਰੀ ਤੇ ਪਰਾਇਆ ਧੰਨ ਬੁਰੀ ਨਿਗਾਹ ਨਾਲ ਤੱਕਣਾ ਅਤੇ ਕੰਨਾਂ ਦਾ ਸੂਤਕ ਚੁਗਲੀ ਸੁਣਨਾ ਹੈ।

**69. ਗੁਰੂ ਜੀ ਨੇ ਸੂਤਕ ਦੂਰ ਕਰਨ ਦਾ ਕੀ ਢੰਗ ਦੱਸਿਆ ਹੈ?**

ਗੁਰੂ ਜੀ ਨੇ ਕਿਹਾ ਪੂਰੇ ਗੁਰੂ ਦਾ ਗਿਆਨ ਹੀ ਸੂਤਕ ਦੂਰ ਕਰ ਸਕਦਾ ਹੈ।

**70. ਜੋ ਮਨੁੱਖ ਰੱਬ ਦਾ ਨਾਮ ਜਪਣ ਤੋਂ ਬਗੈਰ ਸੁਆਦਲੇ ਭੋਜਨ ਖਾਂਦੇ ਹਨ।** ਉਨ੍ਹਾਂ ਬਾਰੇ ਗੁਰੂ ਜੀ ਆਸਾ ਕੀ ਵਾਰ ਅੰਦਰ ਕੀ ਵਿਚਾਰ ਦਿੰਦੇ ਹਨ?

ਗੁਰੂ ਜੀ ਫੁਰਮਾਉਂਦੇ ਹਨ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਜਾਣੀਐ ਕਿ ਉਨ੍ਹਾਂ ਦੇ ਮੂੰਹ ਉਤੇ ਫਿਟਕਾਰਾਂ ਪੈਂਦੀਆਂ ਹਨ। "ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ।।" (ਪੰਨਾ – 473)

71. **“ਭੰਡੁ ਮੂਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥” ਤੁਕ ਅੰਦਰ ਭੰਡੁ ਅਤੇ ਭੰਡਿ ਦੇ ਅਰਥ ਦਸੋ ਜੀ।**

ਭੰਡੁ – ਇਸਤਰੀ

ਭੰਡਿ – ਇਸਤਰੀ ਤੋਂ

72. **ਗੁਰੂ ਜੀ ਨੇ ਕਿਉਂ ਕਿਹਾ ਕਿ ਇਸਤਰੀ ਨੂੰ ਮੰਦਾ ਨਹੀਂ ਕਹਿਣਾ ਚਾਹੀਦਾ?**

ਕਿਉਂਕਿ ਮਨੁੱਖ ਇਸਤਰੀ ਦੇ ਪੇਟ ਅੰਦਰ ਪਲ ਕੇ ਹੀ ਜਨਮ ਲੈਂਦਾ ਹੈ, ਇਸਤਰੀ ਨਾਲ ਹੀ ਦੋਸਤੀ, ਰਿਸ਼ਤਾ ਤੇ ਵਿਆਹ ਕਰਦਾ ਹੈ। ਇਸਤਰੀ ਤੋਂ ਹੀ ਸੰਸਾਰ ਦੀ ਉਤਪਤੀ ਹੁੰਦੀ ਹੈ। ਜੇ ਇਸਤਰੀ ਮਰ ਜਾਵੇ ਤਾਂ ਦੁਬਾਰਾ ਵਿਆਹ ਵੀ ਇਸਤਰੀ ਨਾਲ ਹੀ ਕਰਦਾ ਹੈ। ਹੋਰ ਤਾਂ ਹੋਰ ਰਾਜੇ – ਮਹਾਰਾਜਿਆਂ ਨੂੰ ਜਨਮ ਦੇਣ ਵਾਲੀ ਵੀ ਤਾਂ ਇੱਕ ਇਸਤਰੀ ਹੀ ਹੈ। ਸੋ ਇਸਤਰੀ ਨੂੰ ਮੰਦਾ ਕਹਿਣਾ ਕਿਸੇ ਤਰਾਂ ਵੀ ਉਚਿਤ ਨਹੀਂ ਹੈ।

73. **ਇਨਸਾਨ ਨੂੰ ਆਪਣੀ ਦੌਲਤ, ਜਾਇਦਾਦ ਆਦਿ ਦਾ ਹੰਕਾਰ ਕਿਉਂ ਨਹੀਂ ਕਰਨਾ ਚਾਹੀਦਾ?**

ਕਿਉਂਕਿ ਜਦੋਂ ਹਰੇਕ ਨੇ ਇਥੋਂ ਇੱਕ ਦਿਨ ਚਲੇ ਜਾਣਾ ਹੈ ਅਤੇ ਸਾਰੀ ਦੌਲਤ, ਜਾਇਦਾਦ ਇਥੇ ਹੀ ਰਹਿ ਜਾਣੀ ਹੈ ਫਿਰ ਹੰਕਾਰ ਕਿਸ ਗੱਲ ਦਾ ਕਰਨਾ ਹੈ। “ਜਾ ਰਹਿਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।” (ਪੰਨਾ ੪੭੩)

74. **“ਮੂਰਖੈ ਨਾਲ ਨ ਲੁਝੀਐ” ਇਥੇ ਮੂਰਖ ਕਿਸ ਨੂੰ ਕਿਹਾ ਹੈ?**

ਇੱਥੇ ਮਨ ਨੂੰ ਮੂਰਖ ਕਿਹਾ ਹੈ।

75. **ਕਿਸੇ ਨੂੰ ਫਿੱਕੇ ਬਚਨ ਬੋਲਣ ਨਾਲ ਸਾਨੂੰ ਕੀ ਮਿਲਦਾ ਹੈ?**

ਫਿਕੇ ਬੋਲਣ ਨਾਲ ਖ਼ੁਦ ਦਾ ਤਨ ਤੇ ਮਨ ਫਿੱਕਾ ਹੋ ਜਾਂਦਾ ਹੈ ਅਤੇ ਇਸ ਤਰਾਂ ਅੰਦਰੋਂ ਪ੍ਰੇਮ ਉਠ ਜਾਂਦਾ ਹੈ।

**76. ਉਹ ਮਨੁੱਖ ਕੌਣ ਹਨ ਜੋ ਰੱਬ ਤੋਂ ਬਿਨ੍ਹਾਂ ਕਿਸੇ ਦੀ ਮੁਥਾਜੀ ਨਹੀ ਮੰਨਦੇ?**

ਜਿਨ੍ਹਾਂ ਅੰਦਰ ਰੱਬੀ ਪਿਆਰ ਹੈ ਉਹ ਰੱਬ ਜੀ ਤੋਂ ਬਿਨ੍ਹਾਂ ਕਿਸੇ ਹੋਰ ਦੀ ਮੁਥਾਜੀ ਨਹੀਂ ਮੰਨਦੇ।

**77. ਜੋ ਮਨੁੱਖ ਮਨੋਂ ਤਾਂ ਝੂਠੇ ਹਨ ਪਰ ਬਾਹਰੋਂ ਕੂੜੀ ਇੱਜਤ ਬਣਾਈ ਬੈਠੇ ਹਨ ਉਨ੍ਹਾਂ ਬਾਰੇ ਗੁਰੂ ਜੀ ਕੀ ਵਿਚਾਰ ਦਿੰਦੇ ਹਨ?**

ਗੁਰੂ ਜੀ ਕਹਿੰਦੇ ਹਨ ਐਸੇ ਮਨੁੱਖ ਭਾਵੇ ਜਿਤਨੇ ਤੀਰਥਾਂ ਤੇ ਇਸ਼ਨਾਨ ਕਰ ਲੈਣ ਉਨ੍ਹਾਂ ਦੇ ਅੰਦਰੋਂ ਕਪਟ ਦੂਰ ਨਹੀਂ ਹੋ ਸਕਦਾ।

**78. ਗੁਰੂ ਸਾਹਿਬ ਫਿੱਕਾ ਬੋਲਣ ਵਾਲੇ ਨੂੰ ਮੂਰਖ ਕਿਉਂ ਕਹਿੰਦੇ ਹਨ?**

ਕਿਉਂਕਿ ਉਹ ਰੱਬੀ ਦਰਗਾਹ ਤੋਂ ਰੱਦ ਕੀਤਾ ਜਾਂਦਾ ਹੈ ਅਤੇ ਉਸ ਨੂੰ ਫਿਟਕਾਰਾਂ ਪੈਂਦੀਆਂ ਹਨ। ਪ੍ਰੇਮ ਤੋਂ ਸੱਖਣਾ ਹੋਣ ਕਰਕੇ ਉਸ ਦੀ ਹਰ ਥਾਂ ਬੇ-ਇਜਤੀ ਹੁੰਦੀ ਹੈ। "ਫਿਕਾ ਦਰਗਹ ਸਦੀਐ ਮੁਹਿ ਥੁਕਾ ਫਿਕੇ ਪਾਇ।। ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।।" (ਪੰਨਾ 473)

**79. ਜੇ ਕੋਈ ਆਪਣੇ ਆਪ ਨੂੰ ਗੁਰੂ ਦਾ ਸਿੱਖ ਵੀ ਅਖਵਾਉਂਦਾ ਹੋਵੇ ਤੇ ਹੋਰ ਮੜੀ, ਮਸਾਣ, ਡੇਰਿਆਂ ਜਾਂ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਤੇ ਵੀ ਹੋਰ ਨਿਸ਼ਚਾ ਰੱਖਦਾ ਹੈ, ਕੀ ਉਹ ਗੁਰੂ ਦਾ ਸੱਚਾ ਸਿੱਖ ਹੋ ਸਕਦਾ ਹੈ?**

ਨਹੀ ਜੀ। "ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ।।" (ਪੰਨਾ 474)

**80. ਸਾਨੂੰ ਇਹ ਸਰੀਰ ਤੇ ਸੁਆਸ ਕਿਸ ਲਈ ਮਿਲੇ ਹਨ?**

ਉਸ ਪ੍ਰਮਾਤਮਾ ਨੂੰ ਯਾਦ ਰੱਖਦੇ ਹੋਏ ਆਪਣੇ ਕੰਮ ਖੁਦ ਕਰਨ ਲਈ। "ਜਿਸ ਕੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ।। ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।।" (ਪੰਨਾ 474)

**81. ਜੋ ਸਿੱਖ ਸੁੱਖ ਵਿੱਚ ਤਾਂ ਖੁਸ਼ ਹੁੰਦਾ ਹੈ ਦੁੱਖ ਵਿੱਚ ਘਬਰਾ ਜਾਂਦਾ ਹੈ ਕੀ ਉਹ ਰੱਬ ਦਾ ਸੱਚਾ ਆਸ਼ਕ ਹੋ ਸਕਦਾ ਹੈ?**

ਨਹੀਂ ਜੀ। "ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥ ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥" (ਪੰਨਾ 474)

**82. ਗੁਰੂ ਜੀ ਸੱਚਾ ਆਸ਼ਕ ਕਿਸ ਨੂੰ ਕਹਿੰਦੇ ਹਨ?**

ਗੁਰੂ ਜੀ ਕਹਿੰਦੇ ਹਨ ਜੋ ਹਮੇਸ਼ਾ (ਚੰਗੇ-ਮਾੜੇ ਸਮੇਂ ਵਿੱਚ) ਹੀ ਆਪਣੇ ਪ੍ਰੀਤਮ ਦੀ ਯਾਦ ਵਿੱਚ ਡੁਬਿਆ ਰਹੇ। "ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥" (ਪੰਨਾ 474)

**83. ਜੋ ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਵੀ ਟੇਕਦਾ ਹੈ ਤੇ ਹੋਰ ਧਾਰਮਿਕ ਕਰਮ ਕਾਂਡ ਵੀ ਕਰਦਾ ਹੈ ਅਤੇ ਗੁਰੂ ਦੀ ਗੱਲ ਮੰਨਣ ਤੋਂ ਨਾਂਹ ਨੁਕਰ ਵੀ ਕਰਦਾ ਹੈ ਉਸ ਬਾਰੇ ਗੁਰੂ ਜੀ ਕੀ ਕਹਿੰਦੇ ਹਨ?**

ਗੁਰੂ ਜੀ ਕਹਿੰਦੇ ਹਨ ਉਸਦਾ ਮੱਥਾ ਟੇਕਣਾ ਅਤੇ ਨਾਂਹ ਨੁਕਰ ਕਰਨਾ ਦੋਨੋਂ ਹੀ ਗੁਰੂ ਨੂੰ ਕਬੂਲ ਨਹੀਂ ਹਨ। "ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥ ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥" (ਪੰਨਾ 174)

**84. ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ ਤੇ ਕੀ ਨਹੀਂ?**

ਮਨੁੱਖ ਨੂੰ ਹਮੇਸ਼ਾ ਨਫੇ ਵਾਲਾ ਕੰਮ ਹੀ ਕਰਨਾ ਚਾਹੀਦਾ ਹੈ ਜਿਸ ਨਾਲ ਰੱਬੀ ਪ੍ਰੀਤ ਬਣੀ ਰਹੇ ਅਤੇ ਮੰਦਾ ਕੰਮ ਬਿਲਕੁਲ ਨਹੀਂ ਕਰਨਾ ਚਾਹੀਦਾ।

**85. ਕੋਈ ਨੌਕਰ ਆਪਣੇ ਮਾਲਕ ਪ੍ਰਭੂ ਦੀ ਖੁਸ਼ੀ ਕਿਸ ਤਰ੍ਹਾਂ ਹਾਸਲ ਕਰ ਸਕਦਾ ਹੈ?**

ਮਨੁੱਖ ਆਪਣਾ ਆਪ ਗੁਆ (ਭਾਵ ਆਪਣੀ ਮੱਤ ਤਿਆਗ) ਕੇ ਸੇਵਾ ਕਰੇ ਤਾਂ ਉਸ ਨੂੰ ਮਾਣ-ਇੱਜਤ ਮਿਲਦੀ ਹੈ। "ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥" (ਪੰਨਾ - 474)

**86. ਰੱਬੀ ਦਰਗਾਹ ਤੇ ਆਦਰ ਕਿਸ ਤਰਾਂ ਪ੍ਰਾਪਤ ਕੀਤਾ ਜਾ ਸਕਦਾ ਹੈ?**

ਹਉਮੈ ਮਾਰ ਕੇ ਸੇਵਾ ਕਰਨ ਨਾਲ ਰੱਬੀ ਦਰਗਾਹ ਤੇ ਮਾਣ ਪ੍ਰਾਪਤ ਹੁੰਦਾ ਹੈ। "ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥" (ਪੰਨਾ 474)

**87. ਕੀ ਵਿਕਾਰੀ ਮਨੁੱਖ ਆਨੰਦ ਪ੍ਰਾਪਤ ਕਰ ਸਕਦਾ ਹੈ?**

ਨਹੀਂ ਜੀ। "ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਉ॥" (ਪੰਨਾ 474)

**88. ਅੰਞਾਣ ਮਨੁੱਖ (ਮਨ) ਨਾਲ ਦੋਸਤੀ ਕਿਉਂ ਨਹੀ ਨਿਭ ਸਕਦੀ?**

ਕਿਉਂਕਿ ਉਸ ਅੰਞਾਣ ਦਾ ਰਵਈਆ ਉਸ ਦੀ ਸਮਝ ਅਨੁਸਾਰ ਹੀ ਰਹਿੰਦਾ ਹੈ। "ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥ ਜੇਹਾ ਜਾਣੈ ਤੇਹੋ ਵਰਤੈ ਵੇਖਹੁ ਕੋ ਨਿਰਜਾਸਿ॥" (ਪੰਨਾ 474)

**89. ਨਾਮ ਦੀ ਪ੍ਰਾਪਤੀ ਲਈ ਕੀ ਕਰਨਾ ਪਏਗਾ?**

ਰੱਬੀ ਹੁਕਮ ਵਿੱਚ ਚਲ ਕੇ ਹਉਮੈ ਬਾਹਰ ਕੱਢਣੀ ਪਏਗੀ। "ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ॥" (ਪੰਨਾ 474)

**90. ਗੁਰੂ ਸਾਹਿਬ ਨੇ ਆਸਾ ਕੀ ਵਾਰ ਅੰਦਰ ਕਰਮਾਤਿ ਕਿਸ ਨੂੰ ਕਿਹਾ ਹੈ?**

ਜੋ ਮਾਲਕ ਤਰੁੱਠ ਕੇ ਦਿੰਦਾ ਹੈ ਉਹ ਹੀ ਕਰਾਮਾਤਿ ਹੈ। "ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ॥" (ਪੰਨਾ 474)

**91. "ਏਹ ਕਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ॥" ਤੋਂ ਕੀ ਭਾਵ ਹੈ?**

ਜਿਸ ਸੇਵਾ ਕਰਨ ਨਾਲ ਮਾਲਕ ਦਾ ਡਰ ਹੀ ਦੂਰ ਨਾ ਹੋਵੇ ਉਹ ਅਸਲ ਸੇਵਾ ਨਹੀ ਹੋ ਸਕਦੀ।

ਨੋਟः ਗੁਰੂ ਜੀ/ਰੱਬ ਜੀ ਦਾ ਡਰ ਦੂਰ ਹੋਣਾ ਚਾਹੀਦਾ ਹੈ ਪਰ ਨਿਰਮਲ ਭਉ ਹੋਣਾ ਚਾਹੀਦਾ ਹੈ ਤਾਂ ਹੀ ਆਸ਼ਕੀ ਨਿਭਦੀ ਹੈ।

**92. "ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ॥" ਤੁਕ ਤੋਂ ਕੀ ਭਾਵ ਹੈ?**

ਉਹ ਪ੍ਰਮਾਤਮਾ ਆਪ ਹੀ ਸਭ ਕੁਝ (ਖੇਡ-ਤਮਾਸ਼ੇ) ਕਰ ਰਿਹਾ ਹੈ ਸੋ ਮੈ ਕਿਸ ਅੱਗੇ ਅਰਦਾਸ ਕਰਾਂ। (ਭਾਵ-ਮੈਨੂੰ ਅਰਦਾਸ ਕਰਨ ਦੀ ਲੋੜ ਹੀ ਨਹੀਂ) ਜਦੋਂ ਕਰਤਾਰ ਨੇ ਆਪ ਹੀ ਸਾਰੀ ਸ੍ਰਿਸ਼ਟੀ ਰਚੀ ਹੈ ਅਤੇ ਫਿਰ ਆਪ ਹੀ ਉਸ ਦੀ ਸੰਭਾਲ ਕਰ ਰਿਹਾ ਹੈ। "ਨਾਨਕ ਕਰਣਾ ਜਿਨਿ ਕੀਆ ਫਿਰਿ ਤਿਸ ਹੀ ਕਰਣੀ ਸਾਰ॥" (ਪੰਨਾ 475)

# ਸਿਧ ਗੋਸਿਟ

**1. ਸਿਧ ਗੋਸਿਟ ਕਿਸ ਗੁਰੂ ਸਾਹਿਬ ਦੀ ਬਾਣੀ ਹੈ ਤੇ ਕਿਸ ਰਾਗ ਵਿੱਚ ਲਿਖੀ ਗਈ ਹੈ?**

ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਹੈ ਅਤੇ ਰਾਮਕਲੀ ਰਾਗ ਵਿੱਚ ਉਚਾਰਨ ਕੀਤੀ ਗਈ ਹੈ।

**2. ਸਿਧ ਗੋਸਟਿ ਦਾ ਕੀ ਮਤਲਬ ਹੈ?**

ਇਸ ਦੇ ਦੋ ਮਤਲਬ ਬਣਦੇ ਹਨः

੧. ਸਿੱਧਾਂ ਨਾਲ ਗੱਲ ਬਾਤ

੨. ਪ੍ਰਮਾਤਮਾ ਨਾਲ ਪਿਆਰ (ਨਾਮਿ ਰਤੇ ਸਿਧ ਗੋਸਟਿ ਹੋਇ) (ਪੰਨਾ 941)

**3. ਸਿਧ ਗੋਸਟਿ ਬਾਣੀ ਦੀਆਂ ਕਿੰਨੀਆਂ ਪਉੜੀਆਂ ਹਨ?**

ਇਸ ਬਾਣੀ ਦੀਆਂ 73 ਪਾਉੜੀਆਂ ਹਨ।

**4. ਜਦੋਂ ਗੁਰੂ ਜੀ ਨੇ ਸਿੱਧਾਂ ਨੂੰ ਕਿਹਾ ਤੀਰਥਾਂ ਤੇ ਇਸ਼ਨਾਨ ਕਰਨ ਦਾ ਕੋਈ ਲਾਭ ਨਹੀਂ ਤਾਂ ਫਿਰ ਗੁਰੂ ਜੀ ਸੁੱਚਾ ਹੋਣ ਦਾ ਕੀ ਢੰਗ ਦਸਦੇ ਹਨ?**

ਗੁਰੂ ਜੀ ਕਹਿੰਦੇ ਹਨ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿੱਚ ਜੁੜਿਆਂ ਹੀ ਪਵਿਤਰ ਹੋਈਦਾ ਹੈ।

**5. ਸਿਧ ਗੋਸਟਿ ਬਾਣੀ ਵਿੱਚ ਗੁਰੂ ਜੀ ਮੁਕਤੀ ਦਾ ਕੀ ਸਾਧਨ ਦੱਸਦੇ ਹਨ?**

ਸੱਚੇ ਸ਼ਬਦ ਤੋਂ ਬਿਨ੍ਹਾਂ ਕੋਈ ਵੀ ਮੁਕਤ ਨਹੀਂ ਹੋ ਸਕਦਾ।

**6. ਚਰਪਟ ਜੋਗੀ ਦੇ ਪੁਛਣ ਤੇ ਗੁਰੂ ਜੀ ਨੇ ਆਪਣੀ ਕੀ ਜਾਣਕਾਰੀ ਦਿੱਤੀ?**

ਗੁਰੂ ਜੀ ਨੇ ਕਿਹਾ ਮੈਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਨੂੰ ਜਪਦਾ ਹਾਂ ਅਤੇ ਪ੍ਰਮਾਤਮਾ ਅੱਗੇ ਹਮੇਸ਼ਾਂ ਅਰਦਾਸ ਕਰਦਾ ਹਾਂ ਤੇ ਸੰਤ ਜਨ੍ਹਾਂ ਤੋਂ ਸਦਕੇ ਜਾਂਦਾ ਹਾਂ।

**7. ਗੁਰੂ ਜੀ ਨੇ ਜੋਗੀਆਂ ਨੂੰ ਸ਼ਾਤ-ਚਿਤ ਹੋਣ ਦਾ ਕੀ ਢੰਗ ਦੱਸਿਆ?**

ਰੱਬੀ ਯਾਦ ਵਿੱਚ ਜੁੜਨਾ।

**8 ਗੁਰੂ ਜੀ ਨੇ ਜੋਗੀਆਂ ਨੂੰ ਸੁਰਤਿ ਜੋੜਨ ਦਾ ਕੀ ਢੰਗ ਦੱਸਿਆ?**

ਸਤਿਗੁਰੂ ਦੀ ਮਰਜ਼ੀ ਅਨੁਸਾਰ ਚੱਲਣਾ।

**9. ਗੁਰੂ ਜੀ ਨੇ ਜੋਗੀਆਂ ਨੂੰ ਆਉਣ-ਜਾਣ (ਜਨਮ-ਮਰਨ) ਬਾਰੇ ਕੀ ਉੱਤਰ ਦਿੱਤਾ ਸੀ?**

ਗੁਰੂ ਜੀ ਨੇ ਦੱਸਿਆ ਕਿ ਅਸੀਂ ਰੱਬੀ ਹੁਕਮ ਵਿੱਚ ਆਏ ਹਾਂ, ਹੁਕਮ ਵਿੱਚ ਫਿਰਦੇ ਹਾਂ ਅਤੇ ਹੁਕਮ ਵਿੱਚ ਹੀ ਇੱਥੋਂ ਚਲੇ ਜਾਣਾ ਹੈ।

**10. ਗੁਰੂ ਜੀ ਨੇ ਜੋਗੀਆਂ ਨੂੰ ਆਪਣਾ ਕੀ ਮੱਤ ਦੱਸਿਆ?**

ਗੁਰੂ ਜੀ ਨੇ ਕਿਹਾ ਗੁਰੂ ਦੇ ਦੱਸੇ ਰਾਹ ਤੇ ਤੁਰਨਾ ਤੇ ਗਿਆਨਵਾਨ ਹੋ ਕੇ ਆਪਣੇ ਆਪ ਨੂੰ ਪਛਾਣਨਾ ਅਤੇ ਸੱਚੇ ਪ੍ਰਭੂ ਵਿੱਚ ਜੁੜਨਾ ਹੀ ਮੇਰਾ ਮਤ ਹੈ।

**11. ਗੁਰੂ ਜੀ ਨੇ ਚਰਪਟ ਨੂੰ ਸੰਸਾਰ ਸਮੁੰਦਰ ਤੋਂ ਤਰਨ ਦਾ ਕੀ ਰਸਤਾ ਦੱਸਿਆ?**

ਗੁਰੂ ਜੀ ਨੇ ਕਿਹਾ ਜੋ ਮਨੁੱਖ ਗੁਰੂ ਦੇ ਸ਼ਬਦ ਰਾਂਹੀ ਪ੍ਰਮਾਤਮਾ ਨੂੰ ਮਨ ਵਿੱਚ ਵਸਾ ਲੈਂਦਾ ਹੈ ਉਹ ਕਿਰਤ-ਵਿਰਤ ਕਰਦਾ ਹੋਇਆ ਵੀ ਦੁਨੀਆਂ ਦੇ ਝੰਜਟ ਤੋਂ ਇਸ ਤਰ੍ਹਾਂ ਲਾਂਭੇ ਰਹਿੰਦਾ ਹੈ ਜਿਵੇ ਮੁਰਗਾਈ ਆਪਣੇ ਖੰਭ ਪਾਣੀ ਵਿੱਚ ਨਹੀਂ ਭਿਜਣ ਦਿੰਦੀ ਅਤੇ ਕੌਲ ਦਾ ਫੁੱਲ ਚਿੱਕੜ ਵਿੱਚ ਰਹਿੰਦਾ ਹੋਇਆ ਵੀ ਪੱਤਿਆਂ ਨੂੰ ਚਿੱਕੜ ਤੋਂ ਦੂਰ ਰੱਖਦਾ ਹੋਇਆ ਆਪਣੀ ਖੁਸ਼ਬੂ ਹੀ ਖਿਲਾਰਦਾ ਹੈ।

**12. "ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ"–ਪੰਨਾ 938 ਅਤੇ "ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ"–ਪੰਨਾ 938 ਵਿੱਚ ਆਏ ਨਾਨਕੁ ਅਤੇ ਨਾਨਕ ਦੇ ਅਰਥ ਕੀ ਹਨ?**

ਨਾਨਕੁ – (ਨਾਮ) ਨਾਨਕ, ਨਾਨਕੁ ਬੋਲੈ– ਨਾਨਕ ਆਖਦਾ ਹੈ

ਨਾਨਕ – ਹੇ ਨਾਨਕ!

**13. ਗੁਰਬਾਣੀ ਅਨੁਸਾਰ ਗੁਰੂ ਦਾ ਦਰ ਕਿਵੇਂ ਪ੍ਰਾਪਤ ਹੋ ਸਕਦਾ ਹੈ?**

ਜਦ ਚੰਚਲ ਮਨ ਆਪਣੀ ਚਤੁਰਾਈ ਛੱਡ ਕੇ ਪ੍ਰਭੂ ਦੀ ਯਾਦ ਵਿੱਚ ਜੁੜ ਜਾਂਦਾ ਹੈ ਤੇ, ਰੱਬੀ ਨਾਮ ਨੂੰ ਹੀ ਜਿੰਦਗੀ ਦਾ ਆਸਰਾ ਮੰਨਦਾ ਹੈ ਤਾਂ ਸਮਝੋ ਗੁਰੂ ਦਾ ਦਰ ਪ੍ਰਾਪਤ ਹੋ ਗਿਆ ਹੈ।

**14. ਜਦ ਲੋਹਾਰੀਪਾ ਜੋਗੀ ਨੇ ਦੁਨੀਅਦਾਰੀ ਛੱਡ ਕੇ ਜੰਗਲਾਂ ਵਿੱਚ ਰੁੱਖ–ਬਿਰਖਾਂ ਹੇਠ ਰਹਿਣਾ ਅਤੇ ਮੂਲੀ–ਗਾਜਰਾਂ ਦੇ ਆਹਾਰ ਕਰਨੇ ਤੇ ਤੀਰਥ ਇਸਨਾਨ ਨੂੰ ਹੀ ਸੁੱਖ ਪ੍ਰਾਪਤੀ ਅਤੇ ਮਨ ਦੀ ਪਵਿੱਤਰਤਾ ਦਾ ਸਾਧਨ ਦੱਸਿਆ ਤਾਂ ਕੀ ਗੁਰੂ ਜੀ ਨੇ ਇਸ ਨਾਲ ਆਪਣੀ ਸਹਿਮਤੀ ਪ੍ਰਗਟਾਈ ਸੀ?**

ਨਹੀਂ ਜੀ। ਗੁਰੂ ਜੀ ਨੇ ਕਿਹਾ ਜੋ ਮਨੁੱਖ ਸਤਿਗੁਰੂ ਦੀ ਮੱਤ ਲੈ ਕੇ ਪ੍ਰਭੂ ਦਾ ਨਾਮ ਸਿਮਰਨ ਕਰਦਾ ਹੈ ਉਹ ਘਰ–ਬਾਰੀ ਹੁੰਦਾ ਹੋਇਆ ਵੀ ਧੰਧਿਆਂ ਵਿੱਚ ਖਚਤ ਨਹੀਂ ਹੁੰਦਾ, ਉਸ ਦਾ ਮਨ ਅਡੋਲ ਰਹਿੰਦਾ ਹੈ, ਕੋਈ ਸੰਸਾਰਕ ਚਸਕੇ ਉਸ ਨੂੰ ਪੋਹ ਨਹੀ ਸਕਦੇ।

**15. ਜਦ ਜੋਗੀਆਂ ਨੇ ਗੁਰੂ ਜੀ ਨੂੰ ਕਿਹਾ ਕਿ ਮੁੰਦ੍ਰਾਂ, ਝੋਲੀ ਤੇ ਖਿੰਥਾ ਪਹਿਨ ਕੇ ਤੁਸੀ ਆਈ ਪੰਥੀ ਵਿੱਚ ਸ਼ਾਮਲ ਹੋ ਜਾਉ ਤਾਂ ਗੁਰੂ ਜੀ ਦਾ ਕੀ ਉਤਰ ਸੀ?**

ਗੁਰੂ ਜੀ ਨੇ ਕਿਹਾ ਸ਼ਬਦ ਮਨ ਵਿੱਚ ਵਸਾਉਣਾ ਮੇਰੇ ਲਈ ਕੰਨਾਂ ਦੀਆਂ ਮੁੰਦ੍ਰਾਂ ਹਨ, ਹਰ ਥਾਂ ਪ੍ਰਭੂ ਨੂੰ ਵਿਆਪਕ ਜਾਨਣਾ ਗੋਦੜੀ ਤੇ ਝੋਲੀ ਹੈ, ਨਾਮ ਦੀ ਬਰਕਤ ਨਾਲ ਸੰਸਾਰਕ ਖਾਹਸ਼ਾਂ ਵਲੋਂ ਮੁੜੀ ਹੋਈ ਸੁਰਤਿ ਖੱਪਰ ਹੈ, ਸਰੀਰ ਨੂੰ ਵਿਕਾਰਾਂ ਤੋਂ ਪਵਿਤਰ ਰੱਖਣਾ ਦੱਬ ਦਾ ਆਸਣ, ਵੱਸ ਵਿੱਚ ਆਇਆ ਮਨ ਲੰਗੋਟੀ ਹੈ। ਸੋ ਗੁਰੂ ਦੀ ਸ਼ਰਨ ਪੈ ਕੇ ਪ੍ਰਭੂ ਦਾ ਨਾਮ ਸਿਮਰਨ ਕਰੋ।

**16. ਹਰੇਕ ਸਰੀਰ ਵਿੱਚ ਗੁਪਤ ਕੌਣ ਵਰਤ ਰਿਹਾ ਹੈ?**

ਪ੍ਰਭੂ ਹਰੇਕ ਸਰੀਰ ਵਿੱਚ ਗੁਪਤ ਵਰਤ ਰਿਹਾ ਹੈ।

**17. ਕਿਹੜਾ ਮਨੁੱਖ ਮੁਕਤ ਹੈ?**

ਜੋ ਵੀ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹੀ ਮੁਕਤ ਹੈ।

**18. ਐਸਾ ਕੌਣ ਹੈ ਜੋ ਅੰਦਰੋਂ ਬਾਹਰੋਂ ਜੁੜਿਆ ਹੋਇਆ ਹੈ?**

ਜਿਸ ਮਨੁੱਖ ਦੀ ਸੁਰਤਿ ਸ਼ਬਦ ਨਾਲ ਜੁੜ ਗਈ ਉਹੀ ਅੰਦਰੋਂ ਬਾਹਰੋਂ ਜੁੜਿਆ ਹੋਇਆ ਹੈ।

**19. ਕੌਣ ਸਦਾ ਜੰਮਦਾ-ਮਰਦਾ ਰਹਿੰਦਾ ਹੈ?**

ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਸਦਾ ਹੀ ਜੰਮਦਾ ਮਰਦਾ ਰਹਿੰਦਾ ਹੈ।

**20. ਤ੍ਰਿਲੋਕੀ ਦੇ ਨਾਥ ਵਿੱਚ ਕੌਣ ਲੀਨ ਰਹਿੰਦਾ ਹੈ?**

ਗੁਰਮੁਖ ਮਨੁੱਖ ਸੱਚੇ ਪ੍ਰਭੂ ਵਿੱਚ ਲੀਨ ਰਹਿੰਦਾ ਹੈ।

**21. ਜੀਵ ਨੂੰ ਮਾਇਆ ਸਪਣੀ ਖਾਈ ਜਾ ਰਹੀ ਹੈ ਤੇ ਜੀਵ ਇਸ ਤੋ ਬਚ ਵੀ ਨਹੀ ਸਕਦਾ ਕਿਉਂ?**

ਕਿਉਂਕਿ ਮਨੁੱਖ ਖੋਟੀ ਮਤ ਦਾ ਸ਼ਿਕਾਰ ਹੋਇਆ ਰਹਿੰਦਾ ਹੈ ਇਸ ਲਈ ਮਾਇਆ ਸਪਣੀ ਇਸ ਨੂੰ ਖਾਈ ਜਾਂਦੀ ਹੈ ਅਤੇ ਚਸਕਿਆਂ ਵਿੱਚੋਂ ਇਸ ਦਾ ਨਿਕਲਣ ਨੂੰ ਜੀਅ ਵੀ ਨਹੀਂ ਕਰਦਾ।

**22. ਮਨੁੱਖ ਨੇ ਕਿਵੇਂ ਜੀਵਨ ਦਾ ਲਾਹਾ ਗੁਆ ਲਿਆ ਹੈ ਅਤੇ ਉਹ ਮੁੜ ਕੇ ਲਾਹਾ ਕਿਵੇਂ ਲੱਭਿਆ ਜਾ ਸਕਦਾ ਹੈ?**

ਮਨ ਦੇ ਪਿੱਛੇ ਲੱਗਣ ਕਰਕੇ ਮਨੁੱਖ ਨੇ ਜੀਵਨ ਦਾ ਲਾਹਾ ਗੁਆ ਲਿਆ ਹੈ ਤੇ ਗੁਰੂ ਦੇ ਹੁਕਮ ਵਿੱਚ ਤੁਰਿਆਂ ਲਾਹਾ ਲੱਭਿਆ ਜਾ ਸਕਦਾ ਹੈ।

**23. ਇਹ ਜੀਵ ਕਿਵੇਂ ਪਵਿਤਰ ਹੋ ਸਕਦਾ ਹੈ? ਕਿਵੇਂ ਇਸ ਅੱਗੇ ਹਨੇਰਾ ਟਿਕਿਆ ਪਿਆ ਹੈ?**

ਇਹ ਜੀਵ ਮਾਇਆ ਚਸਕਿਆਂ ਦੇ ਹਨੇਰੇ ਵਿੱਚ ਟਿਕਿਆ ਪਿਆ ਹੈ ਤੇ ਜੇ ਮਨੁਖ ਗੁਰੂ ਦੇ ਦੱਸੇ ਰਾਹ ਤੇ ਤੁਰ ਪਏ ਤਾਂ ਇਸ ਦਾ ਹਨੇਰਾ ਦੂਰ ਹੋ ਸਕਦਾ ਹੈ। ਇਸ ਤਰ੍ਹਾਂ ਮੱਨੁਖ ਆਪਣੀ ਹਉਮੈ ਦੂਰ ਕਰ ਕੇ ਪ੍ਰਭੂ ਵਿੱਚ ਲੀਨ ਹੋ ਸਕਦਾ ਹੈ।

24. **ਗੁਰੂ ਜੀ ਜਦ ਅਚਲ ਦੇ ਮੇਲੇ ਗਏ ਤਾਂ ਉਨ੍ਹਾਂ ਦਾ ਉਸ ਸਮੇਂ ਕੀ ਪਹਿਰਾਵਾ ਸੀ?**

ਉਸ ਸਮੇਂ ਗੁਰੂ ਜੀ ਨੇ ਉਦਾਸੀ ਪਹਿਰਾਵਾ ਉਤਾਰ ਕੇ ਕਿਰਸਾਨੀ ਕਪੜੇ ਪਹਿਨੇ ਹੋਏ ਸਨ।

25. **ਸਿੱਧਾਂ ਨੇ ਗੁਰੂ ਜੀ ਨੂੰ ਪੁਛਿਆ ਕਿ ਜੇ ਤੁਸੀ ਘਰ ਤਿਆਗਣਾ ਨਹੀ ਸੀ ਤਾਂ ਫਿਰ ਘਰ ਛੱਡ ਕੇ ਉਦਾਸੀ ਕਿਉਂ ਬਣੇ ਤਾਂ ਗੁਰੂ ਜੀ ਨੇ ਇਸ ਦਾ ਕੀ ਜੁਆਬ ਦਿੱਤਾ?**

ਗੁਰੂ ਜੀ ਨੇ ਕਿਹਾ ਅਸੀਂ ਤਾਂ ਗੁਰਮੁਖਾਂ ਨੂੰ ਲੱਭਣ ਲਈ ਉਦਾਸੀ ਬਣੇ ਸੀ।

26. **ਸਿਧਾਂ ਦਾ ਅਗਲਾ ਸੁਆਲ ਸੀ ਤੁਸੀਂ ਉਦਾਸੀ ਭੇਖ ਕਿਉਂ ਬਣਾਇਆ ਸੀ?**

ਗੁਰੂ ਜੀ ਨੇ ਉਤਰ ਦਿੱਤਾ ਅਸਾਂ ਗੁਰਮੁਖਾਂ ਦੇ ਦਰਸ਼ਨ ਕਰਨ ਲਈ ਉਦਾਸੀ ਭੇਖ ਧਾਰਿਆ ਸੀ।

27. **ਸਿੱਧਾਂ ਪੁਛਿਆ ਤੁਸੀਂ ਕਿਸ ਸੌਦੇ ਦਾ ਵਿਉਪਾਰ ਕਰਦੇ ਹੋ?**

ਗੁਰੂ ਜੀ ਨੇ ਕਿਹਾ ਅਸੀ ਸੱਚੇ ਪ੍ਰਭੂ ਦੇ ਨਾਮ ਦੇ ਵਿਉਪਾਰੀ ਹਾਂ।

28. **ਸਿੱਧਾਂ ਦੇ ਪੁਛਣ ਤੇ ਗੁਰੂ ਜੀ ਨੇ ਸਿੱਖਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਲਈ ਕਿਹੜਾ ਰਸਤਾ ਦੱਸਿਆ?**

ਗੁਰੂ ਜੀ ਨੇ ਕਿਹਾ ਜੋ ਵੀ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰਦਾ ਹੈ ਉਹ "ਦੁਤਰ ਸੰਸਾਰ" ਤੋਂ ਪਾਰ ਲੰਘ ਜਾਂਦਾ ਹੈ।

29. **ਸਿੱਧਾਂ ਦਾ ਸੁਆਲ ਸੀ ਕਿ ਇਨਸਾਨੀ ਜਿੰਦਗੀ ਕਿਵੇਂ ਪਲਟ ਸਕਦੀ ਹੈ ਤਾਂ ਗੁਰੂ ਜੀ ਨੇ ਕੀ ਉਤਰ ਦਿੱਤਾ?**

ਗੁਰੂ ਜੀ ਦਾ ਜੁਆਬ ਸੀ ਕਿ ਸਤਿਗੁਰੂ ਦੇ ਘਰ ਜਨਮ ਲੈ ਕੇ ਗੁਰਮਤਿ ਅਪਨਾਉਣ ਨਾਲ ਪਿਛਲਾ ਸੁਭਾਉ ਮਿਟ ਜਾਂਦਾ ਹੈ ਅਤੇ ਨਵੀਂ ਸੋਚ ਅਪਨਾਉਣ ਨਾਲ ਜਿੰਦਗੀ ਪਲਟ ਜਾਂਦੀ ਹੈ।

**30. ਗੁਰੂ ਸਾਹਿਬ ਮਨ ਨੂੰ ਕਿਸ ਨਾਲ ਜੋੜਨ ਲਈ ਕਹਿੰਦੇ ਹਨ?**

ਗੁਰੂ ਸਾਹਿਬ ਮਨ ਪ੍ਰਭੂ ਨਾਲ ਜੋੜਨ ਲਈ ਕਹਿੰਦੇ ਹਨ ਕਿਉਂਕਿ ਇਸ ਤਰ੍ਹਾਂ ਆਨੰਦ ਆਉਂਦਾ ਹੈ ਅਤੇ ਮਨ ਪ੍ਰਚਦਾ ਜਾਂਦਾ ਹੈ।

**31. ਮਨ ਦੀਆਂ ਆਸਾਂ ਤੇ ਫੁਰਨੇ ਕਿਵੇਂ ਮੁਕਦੇ ਹਨ?**

ਗੁਰ ਸ਼ਬਦ ਦੀ ਬਰਕਤ ਨਾਲ ਸਭ ਆਸਾਂ ਅਤੇ ਫੁਰਨੇ ਮੁੱਕ ਜਾਂਦੇ ਹਨ।

**32. ਰੱਬੀ ਪ੍ਰਕਾਸ਼ ਕਿਵੇਂ ਮਿਲਦਾ ਹੈ?**

ਜਦ ਆਸਾਂ-ਫੁਰਨੇ ਮੁੱਕ ਗਏ ਤਾਂ ਫਿਰ ਰੱਬੀ ਮਿਹਰ ਸਦਕਾ ਰੱਬੀ ਪ੍ਰਕਾਸ਼ ਮਿਲ ਜਾਂਦਾ ਹੈ।

**33. ਜੋਗੀਆਂ ਦੇ ਪੁੱਛਣ ਤੇ ਗੁਰੂ ਜੀ ਨੇ ਸ਼੍ਰਿਸ਼ਟੀ ਦੀ ਉਤਪਤੀ ਬਾਰੇ ਕੀ ਖਿਆਲ ਦਿੱਤਾ?**

ਗੁਰੂ ਜੀ ਨੇ ਦੱਸਿਆ ਕਿ ਸ਼੍ਰਿਸ਼ਟੀ ਦੇ ਮੁੱਢ ਦਾ ਵਿਚਾਰ ਤਾਂ "ਅਸਚਰਜ, ਅਸਚਰਜ" ਹੀ ਕਿਹਾ ਜਾ ਸਕਦਾ ਹੈ।

**34. ਜਦੋਂ ਜਗਤ ਨਹੀਂ ਹੁੰਦਾ, ਤਦੋਂ ਨਿਰਗੁਣ-ਰੂਪ ਪ੍ਰਭੂ ਕਿੱਥੇ ਟਿਕਿਆ ਰਹਿੰਦਾ ਹੈ? ਜੋਗੀਆਂ ਦੇ ਇਸ ਸੁਆਲ ਦਾ ਗੁਰੂ ਜੀ ਨੇ ਕੀ ਜੁਆਬ ਦਿੱਤਾ ਸੀ?**

ਗੁਰੂ ਜੀ ਨੇ ਕਿਹਾ ਉਸ ਸਮੇਂ ਪ੍ਰਮਾਤਮਾ ਆਪਣੇ ਆਪ ਵਿੱਚ ਟਿਕਿਆ ਰਹਿੰਦਾ ਹੈ।

**35. ਗਿਆਨ ਪ੍ਰਾਪਤੀ ਦਾ ਕੀ ਸਾਧਨ ਹੈ?**

ਮਨ ਕਰਕੇ ਸਤਿਗੁਰੂ ਦੀ ਸ਼ਰਨ ਅਪਨਾਉਣਾ ਹੀ ਗਿਆਨ ਪ੍ਰਾਪਤੀ ਦਾ ਅਸਲੀ ਸਾਧਨ ਹੈ।

**36. ਹਰੇਕ ਹਿਰਦੇ ਵਿੱਚ ਕੌਣ ਵਸਦਾ ਹੈ?**

ਪ੍ਰਭੂ ਹੀ ਹਰੇਕ ਹਿਰਦੇ ਵਿੱਚ ਵਸਦਾ ਹੈ।

**37. ਮੌਤ ਦਾ ਡਰ ਕਿਵੇਂ ਦੂਰ ਹੋ ਸਕਦਾ ਹੈ?**

ਗੁਰੂ ਜੀ ਦੇ ਸ਼ਬਦ ਰਾਹੀਂ ਹੀ ਮੌਤ ਦਾ ਡਰ ਦੂਰ ਹੋ ਸਕਦਾ ਹੈ।

ਨੋਟ: "ਨਿਰਭਉ ਜਪੈ ਸਗਲ ਭਉ ਮਿਟੈ"॥ (ਪੰਨਾ 293)

**38. ਨਿਰਭੈਤਾ ਦੇ ਦਰਜੇ ਤੇ ਕਿਵੇਂ ਪਹੁੰਚਿਆ ਜਾਂਦਾ ਹੈ?**

ਸਤਿਗੁਰੂ ਦੇ ਸ਼ਬਦ ਵਿੱਚ ਲੀਨ ਹੋਣ ਨਾਲ ਹੀ ਨਿਰਭੈਤਾ ਦੇ ਦਰਜੇ ਤੇ ਪਹੁੰਚਿਆ ਜਾ ਸਕਦਾ ਹੈ।

**39. ਹਉਮੈ ਦਾ ਨਾਸ਼ ਕਿਵੇਂ ਹੋਵੇ ਜਿਸ ਕਰਕੇ ਸਹਿਜ ਤੇ ਸੰਤੋਖ ਦੇ ਆਸਣ ਦੀ ਪਹਿਚਾਣ ਆ ਜਾਵੇ ਜਾਂ ਸਹਿਜ ਸੰਤੋਖ ਕਿਵੇ ਪ੍ਰਾਪਤ ਹੁੰਦਾ ਹੈ?**

ਗੁਰੂ ਦੇ ਸ਼ਬਦ ਰਾਹੀਂ ਹਉਮੈ ਦਾ ਜ਼ਹਿਰ ਖਤਮ ਕਰ ਕੇ, ਨਿਜ ਸਰੂਪ ਵਿੱਚ ਟਿਕਿਆਂ ਸਹਿਜ ਸੰਤੋਖ ਪ੍ਰਾਪਤ ਹੋ ਜਾਂਦਾ ਹੈ।

**40. ਜੀਵ ਕਿਥੋਂ ਆਉਂਦਾ ਹੈ, ਕਿਥੇ ਜਾਂਦਾ ਹੈ ਅਤੇ ਕਿਥੇ ਟਿਕਿਆ ਰਹਿੰਦਾ ਹੈ?**

ਜੀਵ ਪ੍ਰਭੂ ਦੇ ਹੁਕਮ ਵਿੱਚ ਇਥੇ ਆਉਂਦਾ ਹੈ, ਹੁਕਮ ਵਿੱਚ ਹੀ ਇਥੋਂ ਤੁਰ ਜਾਂਦਾ ਹੈ ਅਤੇ ਹੁਕਮ ਵਿੱਚ ਹੀ ਜੀਵਨ ਬਤੀਤ ਕਰਦਾ ਹੈ।

ਨੋਟ:- ਜੋ ਰੱਬੀ ਹੁਕਮ ਵਿੱਚ ਰਹਿੰਦਾ ਹੈ ਉਹ ਅਨੰਦਿਤ ਜੀਵਨ ਬਤੀਤ ਕਰਦਾ ਹੈ। ਜੋ ਆਪਣੀ ਮਰਜੀ ਅਨੁਸਾਰ ਚੱਲਦਾ ਹੈ ਉਹ ਹਮੇਸ਼ਾਂ ਦੁੱਖੀ ਰਹਿੰਦਾ ਹੈ।

**41. ਜੀਵ ਜਗਤ ਦੇ ਮੂਲ ਤੇ ਅਦ੍ਰਿਸ਼ਟ ਪ੍ਰਭੂ ਨੂੰ ਕਿਵੇਂ ਮਿਲੇ?**

ਸਤਿਗੁਰੂ ਦੇ ਸ਼ਬਦ ਰਾਹੀਂ ਅਦ੍ਰਿਸ਼ਟ ਪ੍ਰਭੂ ਵਿੱਚ ਲੀਨ ਹੋਇਆ ਜਾ ਸਕਦਾ ਹੈ। ਗੁਰੂ ਦੇ ਬਚਨਾਂ ਉਪਰ ਤੁਰਨ ਤੋਂ ਛੁੱਟ ਹੋਰ ਕੋਈ ਕਾਰ ਕਰਨ ਦੀ ਲੋੜ ਨਹੀਂ। ਜੋ ਸਿੱਖ ਗੁਰੂ ਆਸ਼ੇ ਅਨੁਸਾਰ ਸੇਵਾ ਕਰਦਾ ਹੈ ਉਹੀ ਭਾਲ ਕੇ ਪ੍ਰਮਾਤਮਾ ਨੂੰ ਲਭ ਸਕਦਾ ਹੈ।

**42. ਗੁਰੂ ਜੀ ਅਸਲ ਜੋਗੀ ਕਿਸ ਨੂੰ ਕਹਿੰਦੇ ਹਨ?**

ਜੋ ਵੀ ਸਤਿਗੁਰੂ ਦੇ ਸ਼ਬਦ ਨੂੰ ਪਛਾਣਦਾ ਹੈ ਅਤੇ ਜਿਸ ਦੇ ਅੰਦਰ ਕੌਲ ਰੂਪ ਫੁੱਲ ਖਿੜ ਪੈਂਦਾ ਹੈ, ਉਹ ਹੀ ਅਸਲ ਜੋਗੀ ਹੈ।

**43. "ਜੀਵਤ ਮਰੈ ਤਾ ਸਭੁ ਕਿਛੁ ਸੂਝੈ ਅੰਤਿਰ ਜਾਣੈ ਸਰਬ ਦਇਆ॥" (ਪੰਨਾ 940) ਤੋਂ ਕੀ ਭਾਵ ਹੈ?**

ਜੋ ਮਨੁੱਖ ਜਿਉਂਦੇ ਜੀਅ ਆਪਣੀ ਹਉਮੈ ਦਾ ਤਿਆਗ ਕਰਦਾ ਹੈ, ਸੁਆਰਥ ਮਿਟਾਂਦਾ ਹੈ ਉਸ ਨੂੰ ਜਿੰਦਗੀ ਦੇ ਹਰੇਕ ਪਹਿਲੂ ਦੀ ਸਮਝ ਆ ਜਾਂਦੀ ਹੈ ਤੇ ਉਸ ਅੰਦਰ ਸਾਰਿਆਂ ਪ੍ਰਤੀ ਦਇਆ ਆ ਜਾਂਦੀ ਹੈ।

**44. ਗੁਰੂ ਜੀ ਜਨਮ-ਮਰਨ ਦਾ ਚੱਕਰ ਖਤਮ ਕਰਨ ਦਾ ਕੀ ਢੰਗ ਦੱਸਦੇ ਹਨ?**

ਗੁਰੂ ਜੀ ਕਹਿੰਦੇ ਹਨ ਕਿ ਗੁਰੂ ਦੇ ਸ਼ਬਦ ਰਾਹੀਂ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ ਤੇ ਗੁਰ ਸ਼ਬਦ ਵਿੱਚ ਜੁੜੇ ਮਨੁੱਖ ਨੂੰ ਪ੍ਰਭੂ ਆਪ ਪਛਾਣ ਲੈਂਦਾ ਹੈ।

**45. ਪ੍ਰਭੂ ਕਿਸ ਨੂੰ ਤਾਰਦਾ ਹੈ?**

ਜਿਸ ਨੇ ਗੁਰੂ ਦੇ ਸ਼ਬਦ ਰਾਹੀ ਹਉਮੈ ਅਤੇ ਦੂਜਾ ਭਾਵ ਤਿਆਗ ਦਿੱਤਾ ਉਸ ਨੂੰ ਤਾਰਣਹਾਰ ਪ੍ਰਭੂ ਤਾਰ ਦਿੰਦਾ ਹੈ।

**46. ਜਮਾਂ ਦਾ ਮੁਥਾਜ ਕਿਹੜਾ ਮਨੁੱਖ ਹੁੰਦਾ ਹੈ?**

ਮਨਮੁਖ। ਜੋ ਆਪਣੇ ਮਨ ਮਗਰ ਤੁਰਦਾ ਹੈ ਉਹ ਹੀ ਜਮਾਂ ਦਾ ਮੁਥਾਜ ਹੁੰਦਾ ਹੈ।

**47. ਸਿੱਧ ਗੋਸਿਟ ਬਾਣੀ ਅੰਦਰ ਗੁਰੂ ਜੀ ਗੁਰਮੁਖ ਦੇ ਕੀ ਲੱਛਣ ਦੱਸਦੇ ਹਨ?**

ਗੁਰਮੁਖਃ-

1. ਸੱਚੇ ਪ੍ਰਭੂ ਦਾ ਨਿਰਮਲ ਭਉ ਆਪਣੇ ਹਿਰਦੇ ਵਿੱਚ ਟਿਕਾਉਂਦਾ ਹੈ।
2. ਗੁਰੂ ਬਾਣੀ ਰਾਹੀ ਆਪਣੇ ਅਮੋੜ ਮਨ ਨੂੰ ਸੁਚੱਜਾ ਬਣਾਉਂਦਾ ਹੈ।
3. ਨਿਰਮਲ ਪ੍ਰਮਾਤਮਾ ਦੀ ਸਿਫਤ-ਸਲਾਹ ਕਰਦਾ ਹੈ।

4. ਪਵਿੱਤਰ ਤੇ ਉਚੀ ਆਤਮਕ ਅਵਸਥਾ ਪ੍ਰਾਪਤ ਕਰਦਾ ਹੈ।

5. ਪ੍ਰਮਾਤਮਾ ਨੂੰ ਤਨੋਂ-ਮਨੋਂ ਯਾਦ ਕਰਦਾ ਹੈ।

6. ਸੱਚੇ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ।

7. ਗੁਰੂ ਨਾਲ ਡੂੰਘੀ ਸਾਂਝ ਬਣਾ ਲੈਂਦਾ ਹੈ।

8. ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ।

9. ਆਪਣੇ ਅੰਤਰ-ਆਤਮੇ ਨੂੰ ਸਮਝ ਲੈਂਦਾ ਹੈ।

10. ਘਰ-ਬਾਰੀ ਹੁੰਦਾ ਹੋਇਆ ਵੀ ਜਿੰਦਗੀ ਦੀ ਬਾਜ਼ੀ ਜਿੱਤ ਜਾਂਦਾ ਹੈ।

11. ਸ਼ਬਦ ਰਾਹੀ ਸਾਰੀ ਹਉਮੈ ਖਤਮ ਕਰ ਦਿੰਦਾ ਹੈ।

12. ਖੋਟੇ-ਖਰੇ ਦੀ ਪਹਿਚਾਣ ਕਰ ਲੈਂਦਾ ਹੈ।

**48. ਮਨੁੱਖ ਸਹੀ ਇੱਜਤ ਕਿਸ ਤਰ੍ਹਾਂ ਹਾਸਲ ਕਰ ਸਕਦਾ ਹੈ?**

ਮਨੁੱਖ ਪ੍ਰਭੂ ਦੇ ਨਾਮ ਰਾਹੀਂ ਸਹੀ ਇੱਜਤ ਪਾ ਲੈਂਦਾ ਹੈ।

**49. ਪ੍ਰਭੂ ਨਾਲ ਅਭੇਦ ਹੋਣ ਦਾ ਕੀ ਢੰਗ-ਤਰੀਕਾ ਹੈ?**

ਪ੍ਰਭੂ ਦਾ ਨਾਮ ਹੀ ਪ੍ਰਭੂ ਵਿੱਚ ਅਭੇਦ ਕਰ ਸਕਦਾ ਹੈ।

**50. ਨਾਮ ਜਪਣਾ, ਦਾਨ ਕਰਨਾ, ਇਸ਼ਨਾਨ ਕਰਨਾ ਕਿਸ ਮਨੁੱਖ ਦਾ ਪ੍ਰਵਾਨ ਹੁੰਦਾ ਹੈ?**

ਜੋ ਗੁਰੂ ਦੇ ਦੱਸੇ ਰਸਤੇ ਤੇ ਚੱਲਦੇ ਹਨ।

**51. ਗੁਰਮੁਖ ਕਿਸੇ ਨਾਲ ਵੈਰ ਵਿਰੋਧ ਕਿਉਂ ਨਹੀ ਰੱਖਦਾ?**

ਕਿਉਕਿ ਉਹ ਹਰੇਕ ਅੰਦਰ ਪ੍ਰਮਾਤਮਾ ਨੂੰ ਦੇਖਦਾ ਹੈ, ਸੋ ਗੁਰਮੁਖ ਪ੍ਰਮਾਤਮਾ ਨਾਲ ਵੈਰ ਵਿਰੋਧ ਕਿਵੇਂ ਰੱਖ ਸਕਦਾ ਹੈ।

**52. ਗੁਰੂ ਸਾਹਿਬ ਮਨੁੱਖ ਦੀ ਹਾਲਤ ਗੁਰੂ ਤੋਂ ਬਿਨਾਂ ਕਿਸ ਤਰ੍ਹਾਂ ਦੀ ਦੱਸਦੇ ਹਨ?**

ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਗੁਰੂ ਤੋਂ ਬਿਨਾਂ-

1. ਮਾਇਆ ਵਿੱਚ ਭਟਕਦਾ ਰਹਿੰਦਾ ਹੈ।

2. ਜੰਮਦਾ-ਮਰਦਾ ਰਹਿੰਦਾ ਹੈ।

3. ਆਪਣੀ ਮਿਹਨਤ ਵੀ ਕਬੂਲ ਨਹੀਂ ਕਰਵਾ ਸਕਦਾ।

4. ਜਹਿਰ (ਭੱਖ-ਅਭੱਖ ਸਭ) ਖਾ-ਖਾ ਕੇ ਰੱਜਦਾ ਨਹੀਂ।

5. ਜਗਤ ਦੇ ਮੋਹ-ਰੂਪੀ ਸੱਪ ਦੁਆਰਾ ਡੰਗਿਆ ਜਾਂਦਾ ਹੈ।

6. ਘਾਟਾ ਹੀ ਘਾਟਾ ਖਾਂਦਾ ਹੈ।

**53. ਗੁਰੂ ਦੇ ਮਿਲਣ ਨਾਲ ਮਨੁੱਖ ਨੂੰ ਕੀ ਫਾਇਦਾ ਹੁੰਦਾ ਹੈ?**

ਜਿਸ ਨੂੰ ਗੁਰੂ ਮਿਲ ਜਾਂਦਾ ਹੈ, ਗੁਰੂ :-

1. ਉਸ ਨੂੰ ਦੁਤਰ ਸਾਗਰ ਤੋਂ ਪਾਰ ਕਰ ਦਿੰਦਾ ਹੈ।
2. ਉਸ ਦੇ ਔਗੁਣ ਮਿਟਾ ਕੇ ਉਸ ਨੂੰ ਗੁਣਾਂ ਰਾਹੀਂ ਵਿਕਾਰਾਂ ਤੋਂ ਬਚਾ ਲੈਂਦਾ ਹੈ।
3. ਉਸ ਨੂੰ ਜਿੰਦਗੀ ਵਿੱਚ ਕਦੀ ਹਾਰਨ ਨਹੀਂ ਦਿੰਦਾ ਤੇ ਉਹ ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਸੁੱਖ ਪਾਉਂਦਾ ਹੈ।

**54. ਜੀਵਨ ਦਾ ਮੂਲ ਕੀ ਹੈ ਬਾਰੇ ਗੁਰੂ ਜੀ ਨੇ ਸਿੱਧਾਂ ਨੂੰ ਕੀ ਉਤਰ ਦਿੱਤਾ?**

ਗੁਰੂ ਜੀ ਨੇ ਕਿਹਾ ਪ੍ਰਾਣ ਹੀ ਹਸਤੀ ਦਾ ਮੁੱਢ ਹਨ।

**55. ਸਤਿਗੁਰੂ ਦੀ ਸਿੱਖਿਆ ਲੈਣ ਦਾ ਕਿਹੜਾ ਸਮਾਂ ਹੈ?**

ਮਨੁੱਖਾ ਜਨਮ ਹੀ ਸਤਿਗੁਰੂ ਦੀ ਸਿਖਿਆ ਲੈਣ ਦਾ ਸਮਾਂ ਹੈ।

**56. ਗੁਰੂ ਨਾਨਕ ਦੇਵ ਜੀ ਦਾ ਗੁਰੂ ਕੌਣ ਸੀ?**

ਸ਼ਬਦ ਹੀ ਗੁਰੂ ਨਾਨਕ ਸਾਹਿਬ ਦਾ ਗੁਰੂ ਸੀ ਤੇ ਸੁਰਤਿ ਦਾ ਟਿਕਾਉ ਸਿੱਖ।

**57. ਸੰਸਾਰ ਵਿੱਚ ਨਿਰਲੇਪ ਕਿਵੇਂ ਰਿਹਾ ਜਾ ਸਕਦਾ ਹੈ?**

ਉਸ ਅਕੱਥ ਪ੍ਰਭੂ ਦੀਆਂ ਗੱਲਾਂ ਕਰਕੇ ਭਾਵ ਗੁਣ ਗਾ ਕੇ ਮਾਇਆ ਤੋਂ ਨਿਰਲੇਪ ਰਿਹਾ ਜਾ ਸਕਦਾ ਹੈ।

**58. ਮੋਮ ਦੇ ਦੰਦਾਂ ਨਾਲ ਲੋਹਾ ਕਿਵੇਂ ਖਾਇਆ ਜਾ ਸਕਦਾ ਹੈ?**

ਗੁਰੂ ਦੇ ਸ਼ਬਦ ਨੂੰ ਕਮਾ ਕੇ ਭਾਵ ਗੁਰੂ ਦੇ ਹੁਕਮ ਵਿੱਚ ਤੁਰ ਕੇ ਮੋਮ ਦੇ ਦੰਦਾਂ ਨਾਲ ਲੋਹਾ ਖਾਇਆ ਜਾ ਸਕਦਾ ਹੈ।

**59. ਉਹ ਕਿਹੜਾ ਖਾਣਾ ਹੈ ਜਿਸ ਨਾਲ ਮਨ ਦਾ ਹੰਕਾਰ ਦੂਰ ਹੋ ਜਾਂਦਾ ਹੈ?**

ਜੋ ਮਨੁੱਖ ਰੱਬ ਦੇ ਨਿਰਮਲ ਭਉ ਵਿੱਚ ਰੰਗਿਆ ਰਹਿੰਦਾ ਹੈ ਪ੍ਰਭੂ ਉਸ ਦਾ ਹੰਕਾਰ ਦੂਰ ਕਰ ਦਿੰਦਾ ਹੈ।

**60. ਬਰਫ ਦੇ ਘਰ ਦੁਆਲੇ ਜੇ ਅੱਗ ਦਾ ਚੋਲਾ ਪਾਇਆ ਹੋਵੇ, ਤਾਂ ਕਿਹੜੀ ਗੁਫਾ ਵਰਤੀਏ ਜਿਥੇ ਉਹ ਬਰਫ ਪੰਘਰੇ ਨਾਂਹ?**

ਰੱਬੀ ਕੋਮਲਤਾ ਤੇ ਸ਼ਾਂਤੀ ਬਰਫ ਸਮਾਨ ਹਨ, ਇਸਨੂੰ ਤ੍ਰਿਸ਼ਨਾ ਦੀ ਅੱਗ ਤੋਂ ਬਚਾਉਣ ਲਈ ਇਕੋ-ਇਕ ਤਰੀਕਾ ਹੈ ਕਿ ਗੁਰੂ ਦੀ ਰਜ਼ਾ ਵਿੱਚ ਚੱਲਿਆ ਜਾਵੇ। ਗੁਰੂ ਦੀ ਰਜ਼ਾ ਇੱਕ ਐਸੀ ਗੁਫਾ ਹੈ ਜਿਸ ਵਿੱਚ ਰਹਿਣ ਨਾਲ ਤ੍ਰਿਸ਼ਨਾ ਦੀ ਅੱਗ ਅੰਦਰੂਨੀ ਸ਼ਾਂਤੀ ਭੰਗ ਨਹੀਂ ਕਰ ਸਕਦੀ।

**61. ਮਨੁੱਖੀ ਮਨ ਹਰ ਥਾਂ ਕਿਸ ਨੂੰ ਪਛਾਣ ਕੇ ਉਸ ਵਿੱਚ ਲੀਨ ਰਹਿ ਸਕਦਾ ਹੈ?**

ਮਨੁੱਖੀ ਮਨ ਸਤਿਗੁਰੂ ਦੇ ਸ਼ਬਦ ਦੀ ਸਹਾਇਤਾ ਨਾਲ ਪ੍ਰਭੂ ਨੂੰ ਪਛਾਣ ਕੇ ਉਸ ਵਿੱਚ ਲੀਨ ਰਹਿ ਸਕਦਾ ਹੈ।

**62. ਉਹ ਕਿਹੜਾ ਟਿਕਵਾ ਖਿਆਲ ਹੈ ਜਿਸ ਕਰਕੇ ਮਨ ਵਿੱਚ ਟਿਕਾਅ ਬਣਿਆ ਰਹਿੰਦਾ ਹੈ ਤੇ ਭਟਕਦਾ ਨਹੀਂ?**

ਸਤਿਗੁਰੂ ਦੇ ਦੱਸੇ ਰਸਤੇ ਤੇ ਚੱਲਣ ਨਾਲ ਤ੍ਰਿਸ਼ਨਾ ਦੀ ਅੱਗ ਮਰ ਜਾਂਦੀ ਹੈ ਤੇ ਮਨ ਦੀ ਭਟਕਣਾ ਰੁੱਕ ਜਾਂਦੀ ਹੈ ਅਤੇ ਮਨ ਟਿਕਾਉ ਵਿੱਚ ਆ ਜਾਂਦਾ ਹੈ।

**63. ਕਿਸ ਤਰ੍ਹਾਂ ਮਨੁੱਖੀ ਮਨ ਅੰਦਰ ਸੀਤਲਤਾ ਦਾ ਘਰ ਚੰਦ੍ਰਮਾ ਟਿਕਿਆ ਰਹੇ ਭਾਵ ਮਨ ਦੀ ਸ਼ਾਂਤੀ ਬਣੀ ਰਹੇ?**

ਸਤਿਗੁਰੂ ਦਾ ਸ਼ਬਦ ਉਚਾਰਦਿਆਂ ਹਿਰਦੇ ਵਿੱਚ ਚੰਦ੍ਰਮਾ ਦੀ ਅਪਾਰ ਜੋਤ ਪ੍ਰਗਟ ਹੋ ਜਾਂਦੀ ਹੈ। ਭਾਵ ਸ਼ਾਂਤੀ ਪੈਦਾ ਹੋ ਜਾਂਦੀ ਹੈ।

**64. ਕਿਵੇਂ ਮਨ ਅੰਦਰ ਗਿਆਨ ਦਾ ਸੂਰਜ ਤਪਾਇਆਂ ਤਪਦਾ ਰਹਿ ਸਕਦਾ ਹੈ ਭਾਵ ਗਿਆਨ ਦਾ ਪ੍ਰਕਾਸ਼ ਸਦਾ ਕਿਵੇ ਬਣਿਆ ਰਹਿ ਸਕਦਾ ਹੈ?**

ਗੁਰੂ ਦੇ ਸ਼ਬਦ ਰਾਂਹੀ ਜਦ ਅਗਿਆਨਤਾ ਦੂਰ ਹੋ ਜਾਂਦੀ ਹੈ ਤਾਂ ਮਨੁੱਖੀ ਹਿਰਦੇ ਅੰਦਰ ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ।

**65. ਮਨੁੱਖ ਦੇ ਅੰਦਰੋਂ ਮੌਤ ਦਾ ਸਹਿਮ ਕਿਵੇਂ ਦੂਰ ਹੋ ਸਕਦਾ ਹੈ?**

ਸਤਿਗੁਰੂ ਨਾਲ ਡੂੰਘੀ ਸਾਂਝ ਬਣਾਇਆਂ ਮਨ ਸੱਚੇ ਪ੍ਰਭੂ ਵਿੱਚ ਲੀਨ ਰਹਿੰਦਾ ਹੈ ਅਤੇ ਫਿਰ ਮੌਤ ਦਾ ਡਰ ਨਹੀ ਵਿਆਪਦਾ।

**66. ਉਹ ਕਿਹੜੀ ਸਮਝ ਹੈ ਜਿਸ ਕਰਕੇ ਗੁਰਮੁਖ ਦੀ ਇੱਜਤ ਬਣੀ ਰਹਿੰਦੀ ਹੈ?**

ਗੁਰਮੁਖ ਗੁਰ-ਸ਼ਬਦ ਦੀ ਬਰਕਤ ਨਾਲ ਦੁੱਖ-ਸੁੱਖ ਨੂੰ ਸਮਾਨ ਸਮਝਦਾ ਹੈ ਅਤੇ ਇੱਕੋ ਨਾਮ ਨੂੰ ਜਿੰਦਗੀ ਦਾ ਆਸਰਾ ਬਣਾਉਦਾ ਹੈ ਜਿਸ ਕਰਕੇ ਉਸ ਦੀ ਇੱਜਤ ਬਣੀ ਰਹਿੰਦੀ ਹੈ।

**67. ਉਹ ਕਿਹੜਾ ਸੂਰਮਾ ਹੈ ਜੋ ਮੌਤ ਨੂੰ ਭਾਵ ਮੌਤ ਦੇ ਡਰ ਨੂੰ ਮਾਰ ਲੈਂਦਾ ਹੈ?**

ਗੁਰਮੁਖ ਗੁਰੂ ਦੇ ਰਸਤੇ ਤੇ ਚੱਲ ਕੇ ਮੌਤ ਦਾ ਭਉ ਖਤਮ ਕਰ ਲੈਂਦਾ ਹੈ।

**68. ਕਿਸ ਮਨੁੱਖ ਨੂੰ ਪਾਪ ਤੇ ਪੁੰਨ ਪੋਹ ਨਹੀਂ ਸਕਦੇ?**

ਜੋ ਮਨੁੱਖ ਤ੍ਰਿਗੁਣੀ ਮਾਇਆ ਦੇ ਅਸਰ ਤੋਂ ਉਚੇ ਰਹਿਣ ਵਾਲੇ ਉਸ ਪ੍ਰਭੂ ਨੂੰ ਸਹੀ ਤੌਰ ਤੇ ਸਮਝ ਲੈਂਦਾ ਹੈ ਉਸ ਨੂੰ ਪਾਪ ਪੁੰਨ ਪੋਹ ਨਹੀਂ ਸਕਦੇ।

**69. ਉਹ ਸੱਚਾ ਪ੍ਰਭੂ ਕਿਸ ਨੂੰ ਹਰੇਕ ਘਟ ਵਿੱਚ ਵਿਆਪਕ ਦਿੱਸਦਾ ਹੈ?**

ਜੋ ਮਨੁੱਖ ਸੱਚੇ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ ਉਹ ਹਰੇਕ ਅੰਦਰ ਪ੍ਰਭੂ ਨੂੰ ਦੇਖਦਾ ਹੈ।

70. **ਉਹ ਕੌਣ ਹੈ ਜੋ ਮਾਇਆ ਦੀ ਨੀਂਦਰ ਵਿੱਚ ਨਹੀਂ ਸੌਂਦਾ?**

ਗੁਰਮੁਖ। ਜੋ ਗੁਰੂ ਦੇ ਦੱਸੇ ਰਸਤੇ ਤੇ ਚੱਲਦਾ ਹੈ ਉਹ ਮਾਇਆ ਦੀ ਨੀਂਦਰ ਵਿੱਚ ਨਹੀਂ ਸੌਂਦਾ।

71. **ਮਨੁੱਖ ਭੈੜੀ ਮੱਤੇ ਲੱਗ ਕੇ ਲੋਕਾਂ ਵਿੱਚ ਆਪਣੀ ਇੱਜਤ ਗੁਆ ਲੈਂਦਾ ਹੈ, ਵਿਕਾਰਾਂ ਵਿੱਚ ਫਸਿਆ ਹੋਣ ਕਰਕੇ ਮੌਤ ਤੋਂ ਵੀ ਸਹਿਮਿਆ ਰਹਿੰਦਾ ਹੈ, ਦੁਖੀ ਹੁੰਦਾ ਹੈ ਫਿਰ ਵੀ ਇਸ ਨੂੰ ਸਹੀ ਰਸਤੇ ਦੀ ਸਮਝ ਕਿਉਂ ਨਹੀ ਪੈਂਦੀ? ਇਸ ਨੂੰ ਕਿਵੇਂ ਸਮਝ ਪਵੇ ਤੇ ਭੈੜੀ ਮੱਤ ਤੋਂ ਇਸ ਦੀ ਖਲਾਸੀ ਕਿਵੇਂ ਹੋਵੇ?**

ਕਿਉਂਕਿ ਉਹ ਸ਼ਬਦ ਦੀ ਸੰਗਤ ਨਹੀਂ ਕਰਦੇ, ਇਸ ਕਰਕੇ ਉਹਨਾਂ ਨੂੰ ਸਹੀ ਰਸਤੇ ਦੀ ਸਮਝ ਨਹੀਂ ਪੈਂਦੀ। ਸਤਿਗੁਰੂ ਦਾ ਸ਼ਬਦ ਵਿਚਾਰਿਆਂ ਭੈੜੀ ਮੱਤ ਦੂਰ ਹੋ ਜਾਂਦੀ ਹੈ, ਫਿਰ ਮਨੁੱਖ ਵਿਕਾਰ ਛੱਡ ਕੇ ਨਾਮ-ਧੰਨ ਖੱਟ ਕੇ ਆਪ "ਦੁਤਰ ਸਾਗਰ" ਤੋਂ ਤਾਂ ਪਾਰ ਲੰਘਦਾ ਹੀ ਹੈ ਬਲਕਿ ਹੋਰਨਾਂ ਨੂੰ ਵੀ ਇਸ ਰਸਤੇ ਦੀ ਸੂਝ ਦਿੰਦਾ ਹੈ। ਉਸ ਨੂੰ ਹਰ ਪਾਸੇ ਪ੍ਰਭੂ ਹੀ ਪ੍ਰਭੂ ਵਿਆਪਕ ਦਿੱਸਦਾ ਹੈ।

72. **ਤੁਕ "ਕਿਉ ਕਰਿ ਬੂਝੈ ਪਾਵੈ ਪਾਰੁ॥" (ਪੰਨਾ 944) ਅਤੇ "ਨਾਨਕ ਪਾਰਿ ਪਰੈ ਸਚ ਭਾਇ॥"(ਪੰਨਾ 944) ਅੰਦਰ ਆਏ "ਪਾਰੁ" ਅਤੇ "ਪਾਰਿ" ਵਿੱਚ ਕੀ ਅੰਤਰ ਹੈ?**

"ਪਾਰੁ" ਨਾਂਵ ਹੈ (ਪਾਰਲਾ ਕੰਢਾ) ਅਤੇ "ਪਾਰਿ" ਕ੍ਰਿਆ ਵਿਸ਼ੇਸ਼ਣ ਹੈ (ਪਾਰਲੇ ਕੰਢੇ)।

73. **ਜਿਸ ਸ਼ਬਦ ਦੇ ਰਾਂਹੀ ਸੰਸਾਰ-ਸਮੁੰਦਰ ਤਰੀਦਾ ਹੈ ਉਸ ਸ਼ਬਦ ਦਾ ਟਿਕਾਣਾ ਕਿੱਥੇ ਕਿਹਾ ਜਾ ਸਕਦਾ ਹੈ?**

ਉਹ ਸ਼ਬਦ ਹਰ ਥਾਂ ਭਰਪੂਰ ਹੈ। ਉਹ ਸ਼ਬਦ ਅਲੱਖ ਹੈ। ਜਿਸ ਉਤੇ ਪ੍ਰਭੂ ਦੀ ਮਿਹਰ ਹੁੰਦੀ ਹੈ ਉਸ ਦੇ ਹਿਰਦੇ ਵਿੱਚ ਵਸਦਾ ਹੈ।

74. **ਇਹ ਸੁਆਸ, ਜੋ ਬਾਹਰ ਵੱਲ ਕੱਢਿਆਂ ਹਵਾ ਦਸ ਉਂਗਲ ਦੇ ਫਾਸਲੇ ਤੱਕ ਬਾਹਰ ਜਾਂਦੀ ਹੈ, ਇਹ ਦਸ ਉਂਗਲ-ਪ੍ਰਮਾਣ ਸੁਆਸ ਕਿਸ ਦੇ ਆਸਰੇ ਹਨ?**

ਪ੍ਰਭੂ ਦੀ ਸਿਫਤ-ਸਲਾਹ ਦਾ ਸ਼ਬਦ ਅਤੇ ਪ੍ਰਭੂ ਦਾ ਨਾਮ ਹੀ ਗੁਰਮਖਿ ਦੇ ਸੁਆਸਾਂ ਦਾ ਆਸਰਾ ਹੈ। ਗੁਰਮੁਖਿ ਸੁਆਸ-ਸੁਆਸ ਪ੍ਰਭੂ ਨੂੰ ਯਾਦ ਰੱਖਦਾ ਹੈ।

**75. ਸੱਚੇ ਪ੍ਰਭੂ ਦੀ ਗੱਲ ਸੁਣ ਕੇ ਮਨੁੱਖ ਆਪਣੇ ਮਨ ਨੂੰ ਕਿਵੇਂ ਸੁਮੱਤੇ ਲਾ ਸਕਦਾ ਹੈ?**

ਜਦ ਮਨੁੱਖ ਸ਼ਬਦ ਨੂੰ ਪਛਾਣ ਕੇ ਗੁਰੂ ਦੇ ਦੱਸੇ ਰਸਤੇ ਉਪਰ ਚਲਦਾ ਹੈ ਤਾਂ ਇਸ ਉਤੇ ਮਾਇਆ ਦਾ ਕੋਈ ਪ੍ਰਭਾਵ ਨਹੀਂ ਪੈਂਦਾ।

**76. ਮਨ ਦਾ ਆਸਰਾ ਪ੍ਰਾਣਾਂ ਨੂੰ ਕਹਿੰਦੇ ਹਨ, ਪ੍ਰਾਣਾਂ ਦਾ ਆਸਰਾ ਕੌਣ ਹੈ?**

ਸਤਿਗੁਰੂ ਦਾ ਸ਼ਬਦ ਹੀ ਗੁਰਮੁਖਿ ਦੇ ਪ੍ਰਾਣਾਂ ਦਾ ਆਸਰਾ ਹੈ।

**77. ਗਿਆਨ ਦੀ ਪ੍ਰਾਪਤੀ ਦਾ ਕਿਹੜਾ ਸਾਧਨ ਹੈ?**

ਗੁਰੂ ਦੇ ਸ਼ਬਦ ਦੇ ਰਾਹੀਂ ਹੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ।

**78. ਹਉਮੈ ਦੀ ਪਿਆਸ ਕਿਸ ਤਰ੍ਹਾਂ ਮਿਟਦੀ ਹੈ?**

ਜਦ ਸ਼ਬਦ ਦਾ ਰਸ ਆਉਂਦਾ ਹੈ ਤਾਂ ਹਉਮੈ ਦੀ ਪਿਆਸ ਮਿਟ ਜਾਂਦੀ ਹੈ।

**79. ਜੋਗ-ਸਾਧਨਾ ਵਿੱਚ ਪੁੱਗੇ ਹੋਏ ਜੋਗੀ ਨੂੰ ਕੀ ਪ੍ਰਾਪਤ ਹੋ ਸਕਦਾ ਹੈ?**

ਜੋ ਮਨੁੱਖ ਗੁਰੂ ਦੇ ਸ਼ਬਦ ਵਿੱਚ ਰੰਗੇ ਜਾਂਦੇ ਹਨ, ਉਨ੍ਹਾਂ ਨੂੰ ਸਦਾ ਟਿਕੇ ਰਹਿਣ ਵਾਲਾ ਨਾਮ-ਰਸ ਮਿਲ ਜਾਂਦਾ ਹੈ, ਉਹ ਫਿਰ ਸੰਤੋਖੀ ਹੋ ਜਾਂਦੇ ਹਨ।

**80. ਉਹ ਕਿਹੜੀ ਮਤ ਹੈ ਜਿਸ ਰਾਹੀਂ ਮਨ ਸਦਾ ਟਿਕਿਆ ਰਹਿ ਸਕਦਾ ਹੈ? ਕਿਹੜੀ ਖੁਰਾਕ ਨਾਲ ਮਨ ਸਦਾ ਰੱਜਿਆ ਰਹਿੰਦਾ ਹੈ?**

ਸਤਿਗੁਰੂ ਜੀ ਮਤ ਨਾਲ ਮਨ ਸਦਾ ਟਿਕਿਆ ਰਹਿੰਦਾ ਹੈ। ਸਤਿਗੁਰੂ ਤੋਂ ਜੋ ਨਾਮ ਭੋਜਨ ਮਿਲਦਾ ਹੈ ਉਸ ਕਰਕੇ ਮਨ ਰੱਜਿਆ ਰਹਿੰਦਾ ਹੈ।

**81. ਕੀ ਨਾਮ ਤੋਂ ਬਿਨ੍ਹਾਂ ਜਤ ਧਾਰ ਕੇ ਜਾਂ ਪ੍ਰਾਣਾਯਾਮ ਕਰ ਕੇ ਕੋਈ ਪ੍ਰਾਪਤੀ ਹੋ ਸਕਦੀ?**

ਨਹੀ ਜੀ। ਨਾਮ ਤੋਂ ਬਿਨ੍ਹਾਂ ਜਤ ਧਾਰ ਕੇ ਜਾਂ ਪ੍ਰਾਣਾਯਾਮ ਕਰ ਕੇ ਕੋਈ ਪ੍ਰਾਪਤੀ ਨਹੀ ਹੋ ਸਕਦੀ।

**82. ਜੋ ਮਨ ਮਸਤ ਹਾਥੀ ਵਾਂਗ ਹੈ ਇਸ ਦਾ ਟਿਕਾਉ ਕਿੱਥੇ ਹੈ?**

ਜਦੋਂ ਮਨੁੱਖ ਗੁਰੂ ਦੇ ਹੁਕਮ ਉਪਰ ਤੁਰ ਕੇ ਜਗਤ ਦੇ ਮੂਲ ਪ੍ਰਭੂ ਨੂੰ ਪਛਾਣਦਾ ਹੈ ਤਾਂ ਇਹ ਮਨ ਅਡੋਲ ਹੋ ਕੇ ਹਿਰਦੇ ਵਿੱਚ ਟਿਕ ਜਾਂਦਾ ਹੈ।

**83. ਇਹ ਪ੍ਰਾਣ ਕਿੱਥੇ ਟਿਕਦੇ ਹਨ?**

ਪ੍ਰਾਣਾਂ ਦੀ ਥੰਮੀ ਨਾਭੀ ਹੈ। ਗੁਰੂ ਦੀ ਰਾਹੀਂ ਖੋਜ ਕਰ ਕੇ ਮਨੁੱਖ ਅਸਲੀਅਤ ਲੱਭ ਲੈਂਦਾ ਹੈ।

**84. ਉਹ ਸ਼ਬਦ ਕਿੱਥੇ ਵੱਸਦਾ ਹੈ ਜਿਸ ਰਾਹੀਂ ਮਨ ਦੀ ਭਟਕਣਾ ਮੁੱਕਦੀ ਹੈ?**

ਦੁਤਰ ਸਾਗਰ ਤੋਂ ਤਾਰਨ ਵਾਲਾ ਸ਼ਬਦ ਸੁੰਨ ਪ੍ਰਭੂ ਵਿੱਚ ਟਿਕਦਾ ਹੈ ਭਾਵ ਸ਼ਬਦ ਅਤੇ ਪ੍ਰਭੂ ਵਿੱਚ ਕੋਈ ਭੇਦ ਨਹੀਂ ਹੈ। ਸ਼ਬਦ ਰਾਹੀਂ ਹੀ ਸਮਝ ਪੈਂਦੀ ਹੈ ਕਿ ਰੱਬ ਜੀ ਸਰਬ ਵਿਆਪਕ ਹਨ।

**85. ਮਨੁੱਖ ਜਗਤ ਦੇ ਮੁੱਢ ਪ੍ਰਭੂ ਨੂੰ ਕਿਵੇਂ ਪਛਾਣੇ?**

ਮਨੁੱਖ ਸ਼ਬਦ ਰਾਹੀਂ ਤ੍ਰਿਲੋਕੀ ਵਿੱਚ ਵਿਆਪਕ ਪ੍ਰਭੂ ਦੀ ਜੋਤ ਨੂੰ ਮਿਲ ਸਕਦਾ ਹੈ।

**86. ਮਨੁੱਖ ਆਪਣੇ ਆਪ ਨੂੰ ਕਿਵੇਂ ਸਮਝੇ? ਚੰਦਰਮਾਂ ਦੇ ਘਰ ਵਿੱਚ ਸੂਰਜ ਕਿਵੇਂ ਟਿਕੇ?**

ਜੋ ਮਨੁੱਖ ਗੁਰੂ ਦੇ ਹੁਕਮ ਵਿੱਚ ਤੁਰਦਾ ਹੈ ਉਹ ਆਪਣੇ ਅੰਦਰੋਂ "ਹਉਮੈ" ਦੂਰ ਕਰ ਲੈਂਦਾ ਹੈ। ਇਸ ਤਰ੍ਹਾਂ ਉਹ ਆਪਣੇ ਆਪ ਨੂੰ ਸਮਝਦਾ ਹੈ ਤੇ ਉਹ ਸਹਿਜ ਵਿੱਚ ਟਿਕ ਜਾਂਦਾ ਹੈ।

**87. ਜਦੋਂ ਨਾਂਹ ਹਿਰਦਾ ਸੀ ਤੇ ਨਾਂਹ ਸਰੀਰ ਸੀ, ਤਦੋਂ ਮਨ (ਚੇਤਨਾ ਸਤਾ) ਦਾ ਟਿਕਾਣਾ ਕਿੱਥੇ ਸੀ?**

ਜਦੋਂ ਹਿਰਦਾ ਤੇ ਸਰੀਰ ਨਹੀ ਸਨ, ਤਦੋਂ ਵੈਰਾਗੀ ਮਨ ਨਿਰਗੁਣ ਪ੍ਰਭੂ ਵਿੱਚ ਲੀਨ ਸੀ।

**88. ਜਦੋਂ ਨਾਭੀ ਦੇ ਚੱਕਰ ਦੀ ਥੱਮ੍ਹੀਂ ਨਹੀਂ ਸੀ ਤਾਂ ਪ੍ਰਾਣ (ਸੁਆਸ) ਕਿਸ ਘਰ ਵਿੱਚ ਆਸਰਾ ਲੈਂਦੇ ਸਨ?**

ਜਦੋਂ ਨਾਭੀ ਚੱਕਰ-ਰੂਪ ਥੰਮ੍ਹੀ ਨਹੀ ਸੀ ਤਦੋਂ ਪ੍ਰਾਣ ਵੀ ਪ੍ਰਭੂ ਵਿੱਚ ਹੀ ਵਸਦੇ ਸਨ।

**89. ਜਦੋਂ ਕੋਈ ਰੂਪ ਰੇਖ ਨਹੀਂ ਸੀ ਤਦੋਂ ਸ਼ਬਦ ਨੇ ਕਿੱਥੇ ਲਿਵ ਲਾਈ ਹੋਈ ਸੀ?**

ਸ਼੍ਰਿਸ਼ਟੀ ਦੀ ਹੋਂਦ ਤੋਂ ਪਹਿਲਾਂ ਜਦੋਂ ਕੋਈ ਰੂਪ ਰੇਖ ਨਹੀਂ ਸੀ ਤਦੋਂ ਉਹ ਸ਼੍ਰੇਸ਼ਟ ਸ਼ਬਦ ਵੀ ਪ੍ਰਭੂ ਵਿੱਚ ਲੀਨ ਰਹਿੰਦਾ ਸੀ। ਕਿਉਂਕਿ ਉਸ ਸਮੇਂ ਆਕਾਰ-ਰਹਿਤ ਤ੍ਰਿਭਵਣੀ ਜੋਤ ਆਪ ਹੀ ਆਪ ਸੀ।

**90. ਜਦੋਂ ਕੋਈ ਸਰੀਰ ਹੀ ਨਹੀਂ ਸੀ ਤਾਂ ਉਸ ਸਮੇਂ ਮਨ ਪ੍ਰਭੂ ਵਿੱਚ ਕਿਵੇਂ ਲਿਵ ਲਾਉਂਦਾ ਸੀ?**

ਉਸ ਸਮੇਂ ਪ੍ਰਭੂ ਆਪ ਹੀ ਆਪ ਸੀ।

**91. ਜਿਸ ਪ੍ਰਭੂ ਦਾ ਰੰਗ, ਭੇਖ ਤੇ ਸਰੀਰ ਹੀ ਨਹੀਂ ਉਸ ਨੂੰ ਕਿਸ ਤਰ੍ਹਾਂ ਦੇਖਿਆ ਜਾ ਸਕਦਾ ਹੈ?**

ਨਾਮ ਵਿੱਚ ਰੱਤੇ ਹੋਏ ਵੈਰਾਗਵਾਨ ਨੂੰ ਹਰ ਵੇਲੇ ਹਰ ਥਾਂ ਸੱਚਾ ਪ੍ਰਭੂ (ਮੌਜੂਦ) ਦਿਸਦਾ ਹੈ। ਕਿਉਂਕਿ ਉਹ ਸਰਬ ਵਿਆਪਕ ਹੈ।

**92. ਜਗਤ ਕਿਸ ਕਿਸ ਵਿਧੀ ਨਾਲ ਉਪਜਦਾ ਹੈ, ਕਿਸ ਤਰ੍ਹਾਂ ਦੁੱਖ ਵਿੱਚ ਪੈਂਦਾ ਹੈ?**

ਜਗਤ ਹਉਮੈ ਵਿੱਚ ਪੈਦਾ ਹੁੰਦਾ ਹੈ, ਜੇ ਇਸ ਨੂੰ ਨਾਮ ਵਿਸਰ ਜਾਏ ਤਾਂ ਦੁੱਖ ਪਾਉਂਦਾ ਹੈ।

**93. ਹਉਮੈ ਦਾ ਨਾਸ ਕਿਵੇਂ ਹੁੰਦਾ ਹੈ?**

ਗੁਰੂ ਦੇ ਹੁਕਮ ਵਿੱਚ ਚੱਲ ਕੇ, ਤੱਤ ਗਿਆਨ ਨੂੰ ਵਿਚਾਰਣ ਨਾਲ ਸ਼ਬਦ ਰਾਹੀਂ ਹਉਮੈ ਦੂਰ ਹੁੰਦੀ ਹੈ?

**94. ਸਾਰੀ "ਸਿਧ ਗੋਸਟਿ" ਬਾਣੀ ਦਾ ਸਾਰ ਗੁਰੂ ਸਾਹਿਬ ਕੀ ਦੱਸਦੇ ਹਨ?**

ਗੁਰੂ ਸਾਹਿਬ ਉਪਦੇਸ਼ ਦਾ ਸਾਰ ਤੱਤ ਦੱਸਦੇ ਹਨ ਕਿ ਪ੍ਰਭੂ ਦੇ ਨਾਮ ਤੋਂ ਬਿਨ੍ਹਾਂ ਜੋਗ (ਪ੍ਰਭੂ ਮਿਲਾਪ) ਨਹੀਂ ਹੋ ਸਕਦਾ ਹੈ। ਪ੍ਰਭੂ ਦਾ ਨਾਮ ਸੱਚੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਨਾਮ ਤੋਂ ਬਿਨ੍ਹਾਂ ਮੁਕਤੀ ਮਿਲ ਹੀ ਨਹੀ ਸਕਦੀ।

**95. "ਸਿਧ ਗੋਸਟਿ" ਬਾਣੀ ਦੇ ਅਖੀਰ ਵਿੱਚ ਗੁਰੂ ਜੀ ਕੀ ਪ੍ਰਾਰਥਨਾ ਕਰਦੇ ਹਨ?**

ਗੁਰੂ ਜੀ ਕਹਿੰਦੇ ਹਨ ਹੇ ਪ੍ਰਭੂ! ਤੂੰ ਕਿਹੋ ਜਿਹਾ ਤੇ ਕਿਡਾ ਵੱਡਾ ਹੈ ਇਹ ਤਾਂ ਤੂੰ ਖੁਦ ਹੀ ਜਾਣਦਾ ਹੈ। ਹੋਰ ਕੋਈ ਤੇਰੇ ਬਾਰੇ ਕੁਝ ਵੀ ਨਹੀਂ ਦੱਸ ਸਕਦਾ। ਤੂੰ ਆਪ ਹੀ ਲੁਕਿਆ ਤੇ ਆਪ ਹੀ ਪ੍ਰਗਟ ਰੂਪ ਹੈ। ਤੂੰ ਆਪ ਹੀ ਸਭ ਰੰਗ ਮਾਣ ਰਿਹਾ ਹੈ। ਹੇ ਪ੍ਰਭੂ ਤੇਰੀ ਇਸ ਖੇਡ ਦੀ ਗੁਰਮੁਖਾਂ ਨੂੰ ਹੀ ਸਮਝ ਪਈ ਹੈ ਕਿ ਸਾਰੇ ਜੁਗਾਂ ਵਿੱਚ ਤੇਰੇ ਵਰਗਾ ਹੋਰ ਕੋਈ ਦੂਜਾ ਹੈ ਹੀ ਨਹੀਂ।

# ਖ਼ਾਲਸਾਈ ਬੋਲੇ

| ਲੜੀ ਨੰ: | ਅੰਗਰੇਜ਼ੀ ਵਿੱਚ ਸ਼ਬਦ | ਪੰਜਾਬੀ/ ਗੁਰਮੁਖੀ ਦਾ ਸ਼ਬਦ | ਖ਼ਾਲਸਾਈ ਬੋਲਾ |
|---|---|---|---|
| 1 | Stick | ਡੰਡਾ | ਅਕਲਦਾਨ |
| 2 | Shoe | ਜੁੱਤੀ | ਅਣਥੱਕ ਸਵਾਰੀ, |
| | | | ਚਰਨਦਾਸੀ |
| 3 | Device made of reeds to clean grains | ਛੱਜ | ਅਦਾਲਤੀਆ |
| 4 | Blanket/ Quilt | ਰਜਾਈ | ਅਫ਼ਲਾਤੂਨੀ, ਅਫ਼ਲਾਤੂਨੀ ਮੁਰਗਾ |
| 5 | Ready to | ਨੀਂਦ | ਧਰਮ ਰਾਜ ਦੀ ਧੀ |
| | sleep | | |
| 6 | Sleep | ਸੌਣਾ | ਅੜਿੰਗ ਬੜਿੰਗ |
| 7 | Sick | ਬੁਖਾਰ | ਆਕੜਭੰਨ |
| 8 | Milk | ਦੁੱਧ | ਸਮੁੰਦਰ |
| 9 | Salt | ਲੂਣ | ਸਰਬਰਸ, ਰਾਮ ਰਸ |
| 10 | Hard stick | ਸੋਟਾ | ਸਲੋਤਰ |
| 11 | Little bit | ਥੋੜ੍ਹਾ | ਸਵਾਇਆ |
| 12 | One Singh | ਇੱਕ | ਸਵਾ ਲੱਖ ਫੌਜ |
| 13 | Radish | ਮੂਲੀ | ਕਰਾੜੀ |

| | | | |
|---|---|---|---|
| 14 | Hunger | ਭੁੱਖ | ਕੜਾਕਾ |
| 15 | Knife | ਚਾਕੂ | ਕੋਤਵਾਲ |
| 16 | Lassi/ bever-age | ਲੱਸੀ | ਖਾਰਾ ਸਮੁੰਦਰ |
| 17 | Cigarette | ਬੀੜੀ ਪੀਣਾ | ਗਧੀ ਚੁੰਘਣਾ |
| 18 | Afraid | ਡਰਾਕਲ | ਗਿੱਦੜ |
| 19 | Deaf | ਗੂੰਗਾ | ਗੁਪਤਾ |
| 20 | Needle | ਸੂਈ | ਚਲਾਕਣ, ਜੋੜ ਮੇਲਣੀ |
| 21 | Urine | ਪਿਸ਼ਾਬ ਕਰਨਾ | ਚੀਤਾ ਭਜਾਉਣਾ, ਗੜ੍ਹ ਤੋੜਨਾ |
| 22 | Donkey | ਗਧਾ | ਥਾਣੇਦਾਰ |
| 23 | Big spoon | ਕੜਛੀ | ਰੱਜੀ, ਦਿਆਲ ਕੌਰ |
| 24 | Half bread | ਅੱਧੀ ਰੋਟੀ | ਫੱਟੜ ਪ੍ਰਸ਼ਾਦਾ |
| 25 | Corn/maize | ਮੱਕੀ | ਬਸੰਤ ਕੌਰ |
| 26 | Brinjal | ਬੈਂਗਣ | ਬਟੇਰਾ |
| 27 | Central part of head with-out hair | ਗੰਜਾ | ਕਲਗਾ ਸਿੰਘ |
| 28 | Hairless head | ਸਿਰੋਂ ਰੋਡਾ | ਸਿਰਗੁੰਮ |
| 29 | Blind | ਅੰਨ੍ਹਾ | ਸੂਰਮਾ ਸਿੰਘ |
| 30 | Engine | ਇੰਜਣ | ਤੇਜਾ ਸਿੰਘ |

| | | | |
|---|---|---|---|
| 31 | Train | ਰੇਲ ਗੱਡੀ | ਭੂਤਨੀ |
| 32 | Bus | ਬੱਸ | ਨੱਕ ਵੱਢੀ |
| 33 | Fish | ਮੱਛੀ | ਜਲ ਤੋਰੀ |
| 34 | Cock | ਮੁਰਗਾ | ਕਾਜ਼ੀ |
| 35 | Dog | ਕੁੱਤਾ | ਕੁਤਬਦੀਨ, ਅਹਿਮਦ ਸ਼ਾਹ ਅਬਦਾਲੀ |
| 36 | By-Cycle | ਸਾਈਕਲ | ਸ਼ੈਤਾਨੀ ਚਰਖਾ, ਵਾਵਰੋਲਾ |
| 37 | Hand pump | ਨਲਕਾ | ਦਸ ਨੰਬਰੀਆ |
| 38 | White hair | ਧੌਲ਼ੇ | ਹੀਰੇ |
| 39 | Pepper | ਮਿਰਚ | ਲੜਾਕੀ |
| 40 | Onion | ਗੰਢਾ | ਰੂਪਾ |
| 41 | Sugar | ਖੰਡ | ਸਿਰ ਖਿੰਡੀ |
| 42 | Sugar | ਗੁੜ | ਸਿਰ ਜੋੜ |
| 43 | Carrot | ਗਾਜਰ | ਗੋਬਿੰਦੀ |
| 44 | Wooden spade | ਫਾਹੁੜਾ | ਕਦਰਦਾਨ |
| 45 | Teeth | ਦੰਦਾਂ ਦਾ ਪੀੜ੍ਹ | ਘੁਲਾੜੀ |
| 46 | Dirty under-wear | ਮੈਲਾ ਕਛਹਿਰਾ | ਮਸਤਾਨਾ |

| | | | |
|---|---|---|---|
| 47 | Stool | ਗੰਦਾ ਪਿਆ ਹੋਵੇ | ਮੁਗਲ ਮਰਿਆ ਪਿਆ |
| 48 | Underwear's rope | ਨਾਲਾ ਬਦਲਣਾ | ਛਾਉਣੀ ਬਦਲਣੀ |
| 49 | Latrine | ਜੰਗਲ ਪਾਣੀ ਜਾਣਾ | ਗੱਡਾ ਲਾਹ ਕੇ ਆਉਣਾ |
| 50 | Bread | ਰੋਟੀ | ਪ੍ਰਸ਼ਾਦਾ |
| 51 | Preserved bread | ਬੇਹੀ ਰੋਟੀ | ਮਿੱਠਾ ਪ੍ਰਸ਼ਾਦਾ |
| 52 | Gooseberry | ਆਉਲਾ | ਰੋੜੂ ਪ੍ਰਸ਼ਾਦ |
| 53 | Curd | ਦਹੀਂ | ਮਸਤੋ |
| 54 | Stout | ਝੋਟਾ | ਮਹਿਖਾਸੁਰ |
| 55 | Green grass | ਹਰਾ ਘਾਹ | ਮਖ਼ਮਲੀ ਫਰਸ਼ |
| 56 | Cat | ਬਿੱਲੀ | ਮਲਿਕਾ |
| 57 | Body | ਸਰੀਰ | ਮੜ੍ਹੋਲੀ |
| 58 | Stolen | ਲੁੱਟਮਾਰ | ਮਾਰਵਕਾਰਾ |
| 59 | Weeping on death | ਸਿਆਪਾ | ਮਾਰੂ ਰਾਗ |
| 60 | Sweet | ਮਠਿਆਈ | ਸ਼ਕਰਗੰਦੀ |
| 61 | Wooden tooth brush | ਦਾਤਣ | ਮੁਖ–ਮਾਂਜਣਾ |

| | | | |
|---|---|---|---|
| 62 | Very small pumpkin | ਟੀਂਡਾ | ਰਾਮ ਲੱਡੂ |
| 63 | Earthen vessel | ਕਾੜ੍ਹਨੀ | ਰੂਪ ਕੌਰ |
| 64 | Devil | ਭੂਤ | ਰੰਘੜ |
| 65 | Half blind | ਕਾਣਾ | ਲੱਖ ਨੇਤਰਾ |
| 66 | Have one hand | ਟੁੰਡਾ | ਲੱਖ ਬਾਹਾਂ |
| 67 | Blind | ਅੰਨ੍ਹਾਂ | ਸੂਰਮਾ |
| 68 | One leg not working | ਲੰਗੜਾ | ਸੁਚਾਲਾ |
| 69 | Paste | ਮੱਲ੍ਹਮ | ਗੋਪਾਲ ਚੰਦਨ |
| 70 | Dead body | ਸਰੀਰ ਛੱਡ ਜਾਣਾ | ਚੋਲਾ ਬਦਲਣਾ |
| 71 | Cook | ਰਸੋਈਆ | ਲਾਂਗਰੀ ਸਿੰਘ |
| 72 | Red chili | ਲਾਲ ਮਿਰਚ | ਲੜਾਕੀ |
| 73 | Millet | ਬਾਜਰਾ | ਲਾਚੀ ਦਾਣਾ |
| 74 | Cheap people | ਘਟੀਆ ਲੋਕ | ਲੰਡੀ ਬੁੱਚੀ |
| 75 | Group of Khalsa | ਸਿੰਘਾਂ ਦੇ ਕਾਫ਼ਲੇ | ਵਹੀਰਾਂ ਜਾਂ ਗੁਰੂ ਕੀ ਫੌਜ |

| | | | |
|---|---|---|---|
| 76 | Mixture of marijuana, almond, milk (smoothie) etc | ਭੰਗ ਦੀ ਮਿੱਠੀ ਦੇਗ | ਸ਼ਹੀਦੀ ਦੇਗ, ਸੁੱਖ ਨਿਧਾਨ |
| 77 | Opium | ਅਫ਼ੀਮ | ਚਿਮਨੀ ਬੇਗਮ |
| 78 | Fat stick | ਭੰਗ ਘੋਟਣ ਵਾਲਾ ਡੰਡਾ | ਸਲੋਤਰ |
| 79 | Air | ਹਵਾ | ਇੰਦਰਾਣੀ |
| 80 | Elephant | ਹਾਥੀ | ਕੋਟਾ ਸਿੰਘ |
| 81 | Gram | ਛੋਲਿਆਂ ਦੇ ਦਾਣੇ | ਬਦਾਮ |
| 82 | Burned green gram | ਹੋਲਾਂ | ਇਲਾਚੀਆਂ |
| 83 | Rafter | ਕੜ੍ਹੀ | ਅੰਮ੍ਰਿਤੀ |
| 84 | Cardamom | ਇਲਾਚੀ | ਫਲਾਈ |
| 85 | Bamboo house | ਛੰਨ | ਸ਼ੀਸ਼ ਮਹਿਲ |
| 86 | Broom | ਝਾੜੂ | ਸੁੰਦਰੀ |
| 87 | Govt land | ਸਰਕਾਰੀ ਜ਼ਮੀਨ | ਟੁੱਕਰ |
| 88 | Penny | ਪੈਸਾ | ਤਾਂਬਾ |
| 89 | Wealth | ਦੌਲਤ | ਦਮੜਾ |
| 90 | Glass/ mug | ਗਲਾਸ | ਚੁਬਾਰਾ |

| | | | |
|---|---|---|---|
| 91 | Trouser | ਸਲਵਾਰ, ਪੈਂਟ | ਦੋਨਾਲੀ |
| 92 | Hubble bub-ble | ਹੁੱਕਾ | ਜਗਤ ਜੂਠ |
| 93 | Falling | ਡਿੱਗ ਪੈਣਾ | ਛਾਲ ਮਾਰਨੀ |
| 94 | Sieve | ਛਾਨਣੀ | ਸੁਜਾਖੀ |
| 95 | Sweeper | ਝਾੜੂ ਦੀ ਸੇਵਾ ਕਰਨ ਵਾਲਾ | ਸੂਬੇਦਾਰ |
| 96 | A piece of cotton wrap around neck | ਪਰਨਾ | ਹਜ਼ੂਰੀਆ |
| 97 | Old cloth | ਪਾਟੇ ਕੱਪੜੇ | ਹੰਕਾਰਿਆ |
| 98 | Pyre | ਚਿਖ਼ਾ | ਕਾਠਗੜ੍ਹ |
| 99 | Khanda | ਖੰਡਾ | ਕਾਨੂੰਗੋ |
| 100 | Turmeric | ਹਲਦੀ | ਕੇਸਰ |
| 101 | Jalebi | ਜਲੇਬੀ | ਜੰਡ ਦੀ ਫ਼ਲੀ |
| 102 | Mirror | ਸ਼ੀਸ਼ਾ | ਦੀਦਾਰਾ ਸਿੰਘ |
| 103 | Character | ਵੱਕਾਰ | ਧਰਮਰਾਜ ਦਾ ਪੁੱਤਰ |
| 104 | Spade | ਕਹੀ | ਪਤਾਲਪੁਰੀ |
| 105 | Wood cutter | ਕੁਹਾੜਾ | ਪਰਸਾ ਰਾਮ |
| 106 | Sheep | ਭੇਡ | ਪਰੀ |
| 107 | Fan | ਪੱਖਾ | ਪੌਣ ਪ੍ਰਕਾਸ਼ |

| | | | |
|---|---|---|---|
| 108 | Hand & Mouth wash | ਮੂੰਹ ਹੱਥ ਧੋਣਾ | ਪੰਜ ਇਸ਼ਨਾਨਾ |
| 109 | Ghee | ਘਿਉ | ਪੰਜਵਾਂ ਰਤਨ |
| 110 | Day light | ਦਿਨ | ਪ੍ਰਕਾਸ਼ਾ ਸਿੰਘ |
| 111 | Fire | ਅੱਗ | ਬਸੰਤਰ |
| 112 | Small spade | ਖੁਰਪਾ | ਬਾਜ |
| 113 | Turnip | ਸ਼ਲਗਮ | ਭੋਇੰਸੁਰ |

ਸਲੋਕ ਮਹਲਾ ੫ ॥

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ

ਕੀਤੋਈ ॥

ਮੈ ਨਿਰਗੁਣਿਆਰੇ ਕੋ ਗੁਣ ਨਾਹੀ

ਆਪੇ ਤਰਸੁ ਪਇਓਈ ॥

ਤਰਸੁ ਪਇਆ ਮਿਹਰਾਮਤਿ ਹੋਈ

ਸਤਿਗੁਰੁ ਸਜਣੁ ਮਿਲਿਆ ॥

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ

ਮਨੁ ਥੀਵੈ ਹਰਿਆ ॥੧॥

# ੴ ਸਤਿਗੁਰ ਪ੍ਰਸਾਦਿ

**ਗੁਰਦੁਆਰਾ ਹਰਿਚਰਣ ਕਮਲ ਸਾਹਿਬ, ਫੇਸ ੧੦ ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ**
**ਸ੍ਰੀ ਗੁਰੂ ਹਰਿ ਕ੍ਰਿਸ਼ਨ ਸੇਵਾ ਸੁਸਾਇਟੀ, ਬਰੈਂਪਟਨ, ਕਨੇਡਾ**
**ਵੱਲੋਂ:-**

- ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ ਲਗਾਤਾਰ ਮੁਫ਼ਤ ਹਫ਼ਤਾਵਾਰੀ ਕਲਾਸਾਂ ਲਗਾਈਆਂ ਜਾ ਰਹੀਆਂ ਹਨ।
- ਬੱਚਿਆਂ ਨੂੰ ਮੁਫ਼ਤ ਕੀਰਤਨ ਸਿਖਾਉਣ ਲਈ ਪ੍ਰਬੰਧ ਕੀਤਾ ਗਿਆ ਹੈ।
- ਬੱਚਿਆਂ ਨੂੰ ਰੋਜ਼ਾਨਾ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਪ੍ਰੇਰਿਤ ਕਰਨ ਹਿੱਤ ਹਰ ਤਿਮਾਹੀ ਨੂੰ ਉਨ੍ਹਾਂ ਦੀ ਹਾਜ਼ਰੀ ਦੇ ਅਨੁਸਾਰ ਇਨਾਮਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ।
- ਗੁਰਦੁਆਰਾ ਹਰਿਚਰਣ ਕਮਲ ਸਾਹਿਬ ਵਿਖੇ ਜਿੱਥੇ ਹਰ ਮੰਗਲਵਾਰ ਇਸਤਰੀ ਸਤਿਸੰਗ ਸਭਾ ਵੱਲੋਂ ਸੁਖਮਨੀ ਸਾਹਿਬ ਅਤੇ ਕੀਰਤਨ ਕੀਤਾ ਜਾਂਦਾ ਹੈ ਉੱਥੇ ਸਭਾ ਵੱਲੋਂ ਘਰੋ ਘਰੀ ਨਿਸ਼ਕਾਮ ਸੇਵਾ ਵੀ ਨਿਭਾਈ ਜਾਂਦੀ ਹੈ।
- ਹਰ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਤੇ ਸੰਗਤਾਂ ਨੂੰ ਗੁਰਬਾਣੀ ਪੜ੍ਹਨ ਸੁਣਨ ਅਤੇ ਸਮਝਣ ਲਈ ਪ੍ਰੇਰਨ ਹਿਤ ਸੰਗਤੀ ਰੂਪ ਵਿੱਚ ਸਹਿਜ ਪਾਠ ਕੀਤੇ ਜਾਂਦੇ ਹਨ।
- ਗੁਰਦੁਆਰਾ ਹਰਿਚਰਣ ਕਮਲ ਸਾਹਿਬ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਸੇਵਾ ਸੁਸਾਇਟੀ ਵੱਲੋਂ ਹਰ ਸਾਲ ਗਰਮੀਆਂ ਦੀਆਂ ਛੁਟੀਆਂ ਸਮੇਂ ਮੁਫ਼ਤ ਵਿਸ਼ੇਸ਼ ਗੁਰਮਤਿ ਕੈਂਪ ਆਯੋਜਿਤ ਕੀਤੇ ਜਾਂਦੇ ਹਨ।
- ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪੰਜਾਬ ਅਤੇ ਬਰੈਂਪਟਨ, ਕਨੇਡਾ ਵਿਖੇ ਹਰ ਸਾਲ ਬਾਲ ਉਤਸ਼ਾਹਿਤ ਸਮਾਗਮ ਰਚਾਏ ਜਾਂਦੇ ਹਨ ਜਿਸ ਦੀ ਬੱਚੇ ਬੜੀ ਉਤਸੁਕਤਾ ਨਾਲ ਇੰਤਜਾਰ ਕਰਦੇ ਹਨ ਅਤੇ ਪੂਰੀ ਤਿਆਰੀ ਨਾਲ ਭਾਗ ਲੈਂਦੇ ਹਨ, ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਜਾਂਦੇ ਹਨ।
- ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਗੁਰਦੁਆਰਾ ਹਰਿਚਰਣ ਕਮਲ ਸਾਹਿਬ ਫੇਸ-੧੦ ਵੱਲੋਂ ਹਰ ਸ਼ਨੀਵਾਰ ਸ਼ਾਮ ਦੀ ਸਟੇਜ ਦਿੱਤੀ ਜਾਂਦੀ ਹੈ ਜਿਸ ਵਿੱਚ ਰਹਿਰਾਸ ਦੇ ਪਾਠ ਤੋਂ ਸ਼ੁਰੂ ਕਰ ਕੇ ਸੁਖ ਆਸਣ ਤੱਕ ਹਰ ਕਿਰਿਆ ਬੱਚਿਆਂ ਵੱਲੋਂ ਹੀ ਕੀਤੀ ਜਾਂਦੀ ਹੈ। ਉਪਰੰਤ ਗੁਰੂ ਕਾ ਲੰਗਰ ਵਰਤਾਇਆ ਜਾਂਦਾ ਹੈ।
- ਗੁਰਦੁਆਰਾ ਹਰਿਚਰਣ ਕਮਲ ਸਾਹਿਬ ਵਿਖੇ ਲਾਇਬ੍ਰੇਰੀ ਚੱਲ ਰਹੀ ਹੈ। ਮੁਫਤ ਸਿਲਾਈ ਸੈਂਟਰ ਵੀ ਚਲਾਇਆ ਜਾ ਰਿਹਾ ਹੈ। ਜਿੱਥੇ ਸਲਾਈ ਦੇ ਕੋਰਸ ਕਰਵਾਏ ਜਾਂਦੇ ਹਨ ਉੱਥੇ ਲੋੜਵੰਦਾਂ ਨੂੰ ਮੁਫਤ ਸਲਾਈ ਮਸ਼ੀਨਾਂ ਵੀ ਦਿੱਤੀਆਂ ਜਾਂਦੀਆਂ ਹਨ।
- ਭਵਿੱਖ ਵਿੱਚ ਗੁਰਦੁਆਰਾ ਸਾਹਿਬ ਵਿੱਚ ਨੌਜਵਾਨ ਬੱਚਿਆਂ ਨੂੰ ਤੰਦਰੁਸਤ ਤੇ ਫੁਰਤੀਲੇ ਬਨਾਉਣ ਲਈ ਜਿੰਮ ਸ਼ੁਰੂ ਕਰਨ ਦਾ ਵਿਚਾਰ ਹੈ।
- ਇਸੇ ਤਰ੍ਹਾਂ ਗੁਰਦੁਆਰਾ ਸਾਹਿਬ ਦੇ ਸਾਹਮਣੇ ਵਾਲੇ ਪਾਸੇ ਦੋ ਮੰਜਲਾ ਇਮਾਰਤ ਤਿਆਰ ਹੋ ਗਈ ਹੈ ਜਿਸ ਵਿੱਚ ਮੈਡੀਕਲ ਸੇਵਾਵਾਂ, ਸੰਗਤਾਂ ਦੇ ਦੁਖ ਸੁਖ ਦੇ ਸਮੇਂ ਆਏ ਮਹਿਮਾਨਾਂ ਦੀ ਰਿਹਾਇਸ਼ ਦੇ ਪ੍ਰਬੰਧ ਤੋਂ ਇਲਾਵਾ ਸਟਾਫ ਲਈ ਸੋਹਣੇ ਰਿਹਾਇਸ਼ੀ ਪ੍ਰਬੰਧ ਕੀਤੇ ਜਾ ਰਹੇ ਹਨ।